# ਅਧਿਆਇ 4

# ਕੰਮ ਨੂੰ ਰੋਕਣ ਲਈ ਦੁਸ਼ਮਣਾਂ ਦੀਆਂ ਕੋਸ਼ਿਸ਼ਾਂ

ਯਹੂਦੀ ਲੋਕ ਹੈਕਲ ਨੂੰ ਬਣਾਉਣ ਲਈ ਆਪਣੇ ਦੇਸ਼ ਵਿਚ ਵਾਪਸ ਆਏ ਸਨ। ਅਧਿਆਇ 3 ਵਿਚ ਦਰਜ ਉਮੀਦ ਭਰੀ ਸ਼ੁਰੂਆਤ ਤੋਂ ਬਾਅਦ ਅਧਿਆਇ 4 ਦੱਸਦਾ ਹੈ ਕਿ ਉਨ੍ਹਾਂ ਨੂੰ ਦੇਸ਼ ਦੇ ਲੋਕਾਂ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਕੰਮ ਨੂੰ ਪੰਦਰਾਂ – ਸੌਲਾਂ ਸਾਲ ਰੋਕਣਾ ਪਿਆ ਜਦ ਤਕ ਫ਼ਾਰਸ ਦੇ ਬਾਦਸ਼ਾਹ ਦਾਰਾ ਦੀ ਹਕੂਮਤ ਦੌਰਾਨ ਫੇਰ ਸ਼ੁਰੂ ਨਾ ਹੋਇਆ।

ਇਸ ਤੋਂ ਇਲਾਵਾ ਅਜ਼ਰਾ 4 ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੇਅਸਰ ਕਰਨ ਲਈ ਯਹੂਦਾ ਦੇ ਗੁਆਂਢੀਆਂ ਵੱਲੋਂ ਹੋਰ ਕੋਸ਼ਿਸ਼ਾਂ ਦਾ ਵਰਣਨ ਕਰਦਾ ਹੈ। ਇਕ ਕੋਸ਼ਿਸ਼ ਅਹਸ਼ਵੇਰੋਸ਼ ਦੀ ਹਕੂਮਤ ਦੌਰਾਨ ਹੋਈ ਅਤੇ ਦੂਜੀਆਂ (ਜਾਂ ਇਕ ਹੋਰ) ਅਰਤਹਸ਼ਸ਼ਤਾ ਪਹਿਲੇ ਦੀ ਹਕੂਮਤ ਦੌਰਾਨ। ਅਸਲ ਵਿਚ ਅਜ਼ਰਾ 4 ਤੋਂ ਲੈ ਕੇ ਨਹਮਯਾਹ ਦੇ ਅਖ਼ੀਰ ਤਕ ਝਗੜੇ ਹੀ ਝਗੜੇ ਮਿਲਦੇ ਹਨ। ਯਹੂਦੀਆਂ ਵੱਲੋਂ ਖ਼ੁਦਾ ਲਈ ਕੀਤੇ ਗਏ ਕਿਸੇ ਵੀ ਕੰਮ ਦੀ ਕੋਸ਼ਿਸ਼ ਨੂੰ ਉਨ੍ਹਾਂ ਦੇ ਦੁਸ਼ਮਣਾਂ ਵੱਲੋਂ ਚੁਣੌਤੀ ਦਿਤੀ ਜਾਂਦੀ।[1]

ਅਧਿਆਇ ਦੀ ਸਭ ਤੋਂ ਅਜੀਬ ਗੱਲ ਇਸ ਦੀ ਤਰਤੀਬ ਹੈ। ਇਸ ਵਿਚ ਪਿਛਲੇ ਅਧਿਆਇ ਦੀ ਕਹਾਣੀ ਅੱਗੇ ਦੱਸੀ ਗਈ ਹੈ (4:1–5), ਕਈ ਦਹਾਕਿਆਂ ਬਾਅਦ ਹੋਣ ਵਾਲੀ ਕਿਸੇ ਗੱਲ ਦਾ ਜ਼ਿਕਰ ਹੈ (4:6) ਅਤੇ ਫਿਰ ਅਧਿਆਇ ਦੇ ਪਹਿਲੇ ਪੈਰ੍ਹੇ ਦੇ ਵਿਸ਼ੇ ਤੇ ਮੁੜਨ ਤੋਂ ਪਹਿਲਾਂ ਪਹਿਲਾਂ (4:24) ਉਸ ਤੋਂ ਤੀਹਾਂ ਸਾਲਾਂ ਬਾਅਦ ਹੋਣ ਵਾਲੀ ਗੱਲ ਯਾਦ ਦੁਆਉਂਦੀ ਹੈ (4:7–23)। ਲੇਖਕ ਨੇ ਅਜਿਹੀ ਅਨੋਖੀ ਤਰਤੀਬ ਕਿਉਂ ਕੀਤੀ?

ਇਸ ਸਵਾਲ ਦੇ ਜਵਾਬ ਵਿਚ ਦੋ ਤੱਥ ਵੇਖੇ ਜਾਣੇ ਚਾਹੀਦੇ ਹਨ। (1) ਲੇਖਕ ਦੇ ਦਿਮਾਗ ਵਿਚ ਤਰਤੀਬ ਬਾਰੇ ਕੋਈ ਉਲਝਣ ਨਹੀਂ ਸੀ। ਉਹ ਨੇ ਬੜੇ ਧਿਆਨ ਨਾਲ ਕਿਹਾ ਕਿ ਅਧਿਆਇ ਵਿਚ ਦੱਸੀਆਂ ਗਈਆਂ ਘਟਨਾਵਾਂ ਕਦੋਂ ਵਾਪਰੀਆਂ। 4:1–5 ਵਿਚ ਮਿਲਣ ਵਾਲੇ ਵਿਰੋਧ ਦੀਆਂ ਇਨ੍ਹਾਂ ਉਦਾਹਰਣਾਂ ਨੂੰ ਉਹ ਨੇ ਜਾਣ-ਬੁੱਝ ਕੇ ਜੋੜਿਆ। (2) ਲੇਖਕ ਮੁੱਖ ਤੌਰ ਤੇ ਉਨ੍ਹਾਂ ਲੋਕਾਂ ਨੂੰ ਧਿਆਨ ਵਿਚ ਰੱਖਦਿਆਂ ਲਿਖ ਰਿਹਾ ਸੀ ਜਿਨ੍ਹਾਂ ਨੂੰ ਹੈਕਲ ਦੇ ਬਣਾਉਣ ਦੀ ਕੋਸ਼ਿਸ਼ ਦੇ ਨਤੀਜੇ ਦਾ ਪਹਿਲਾਂ ਹੀ ਪਤਾ ਸੀ। ਇਸ ਵੇਰਵੇ ਤੇ ਪਹਿਲੇ ਪਾਠਕ ਯਹੂਦੀ ਸਨ ਜਿਹੜੇ ਹੈਕਲ ਵਿਚ ਬੰਦਗੀ ਕਰਦੇ ਹੁੰਦੇ ਸਨ। ਵੇਰਵੇ ਵਿਚ ਵਿਘਨ ਨਾਲ ਉਨ੍ਹਾਂ ਦੇ ਮਨ ਵਿਚ ਇਹ ਸ਼ੱਕ ਨਹੀਂ ਆਉਣਾ ਸੀ ਕਿ ਇਸ ਕਹਾਣੀ ਦਾ ਅਖ਼ੀਰ ਕੀ ਹੋਵੇਗਾ।

ਤਾਂ ਫਿਰ ਵੇਰਵੇ ਵਿਚ ਇੱਥੇ ਆਣ ਕੇ ਇਨ੍ਹਾਂ ਦੋ ਘਟਨਾਵਾਂ ਨੂੰ ਜੋੜਨ ਦਾ ਲੇਖਕ ਦਾ ਕੀ ਮਕਸਦ ਸੀ? ਉਹਦਾ ਇਰਾਦਾ ਪਾਠਕਾਂ ਨੂੰ ਖ਼ੁਦਾ ਦੇ ਲੋਕਾਂ ਅੱਗੇ ਪੈਦਾ ਕੀਤੇ ਗਏ ਬਿਲਕੁਲ ਅਸਲ ਖ਼ਤਰੇ ਨੂੰ ਸਮਝਣ ਵਿਚ ਮਦਦ ਕਰਨਾ ਸੀ। ਯਹੂਦੀਆਂ ਦੇ ਪ੍ਰਤੀ ਉਨ੍ਹਾਂ ਦੇ ਮਨ ਵਿਚ ਐਨੀ ਨਫ਼ਰਤ ਸੀ ਕਿ ਉਹ ਤਕਰੀਬਨ ਨੱਬੇ ਸਾਲਾਂ ਦੇ ਲੰਮੇ ਵਕਫ਼ੇ ਤਕ ਉਨ੍ਹਾਂ ਦਾ ਵਿਰੋਧ ਕਰਦੇ ਰਹੇ! ਇਹ ਭਾਗ ਇਹ ਵੀ ਵਿਖਾਉਂਦਾ ਹੈ ਕਿ ਯਹੂਦੀਆਂ ਲਈ ਆਪਣੇ ਆਪ ਨੂੰ ਆਪਣੇ ਗੁਆਂਢੀਆਂ ਤੋਂ ਬਚਾਉਣਾ ਕਿਉਂ ਜ਼ਰੂਰੀ ਸੀ।

## ਕੋਰਸ ਦੀ ਹਕੂਮਤ ਦੌਰਾਨ ਵਿਰੋਧ (4:1-5)

**[1]ਜਦੋਂ ਯਹੂਦਾਹ ਤੇ ਬਿਨਯਾਮੀਨ ਦੇ ਵਿਰੋਧੀਆਂ ਨੇ ਸੁਣਿਆਂ ਭਈ ਜੋ ਬੰਧੂਏ ਸਨ ਓਹ ਯਹੋਵਾਹ
ਇਸਰਾਏਲ ਦੇ ਪਰਮੇਸ਼ੁਰ ਦੇ ਲਈ ਹੈਕਲ ਬਣਾ ਰਹੇ ਹਨ [2]ਤਾਂ ਜ਼ਰੁੱਬਾਬਲ ਤੇ ਪਿੱਤ੍ਰਾਂ ਦੇ ਘਰਾਣਿਆਂ
ਦੇ ਮੁਖੀਆਂ ਦੇ ਕੋਲ ਆ ਕੇ ਆਖਣ ਲੱਗੇ ਭਈ ਸਾਨੂੰ ਵੀ ਬਣਾਉਣ ਦਿਓ ਕਿਉਂ ਜੋ ਤੁਹਾਡੇ ਵਾਂਙੁ ਅਸੀਂ
ਵੀ ਤੁਹਾਡੇ ਪਰਮੇਸ਼ੁਰ ਦੀ ਖੋਜ ਵਿੱਚ ਹਾਂ ਅਤੇ ਅਸੀਂ ਅੱਸੂਰ ਦੇ ਰਾਜਾ ਏਸਰ-ਹੱਦਨ ਦੇ ਦਿਨਾਂ ਤੋਂ ਜੋ
ਸਾਨੂੰ ਇੱਥੇ ਲਿਆਇਆ ਉਹ ਦੇ ਲਈ ਭੇਟ ਚੜ੍ਹਾਉਂਦੇ ਰਹੇ ਹਾਂ [3]ਪਰੰਤੂ ਜ਼ਰੁੱਬਾਬਲ ਤੇ ਯੇਸ਼ੂਆ ਤੇ
ਇਸਰਾਏਲ ਦੇ ਪਿੱਤ੍ਰਾਂ ਦੇ ਘਰਾਣਿਆਂ ਦੇ ਬਾਕੀ ਮੁਖੀਆਂ ਨੇ ਉਨ੍ਹਾਂ ਨੂੰ ਆਖਿਆ, ਇਹ ਤੁਹਾਡਾ ਕੰਮ ਨਹੀਂ
ਭਈ ਸਾਡੇ ਨਾਲ ਸਾਡੇ ਪਰਮੇਸ਼ੁਰ ਦੇ ਲਈ ਭਵਨ ਬਣਾਓ ਸਗੋਂ ਅਸੀਂ ਆਪੇ ਯਹੋਵਾਹ ਇਸਰਾਏਲ ਦੇ
ਪਰਮੇਸ਼ੁਰ ਦੇ ਲਈ ਉਹ ਨੂੰ ਬਣਾ ਲਵਾਂਗੇ ਜਿਵੇਂ ਫ਼ਾਰਸ ਦੇ ਪਾਤਸ਼ਾਹ ਕੋਰਸ ਨੇ ਸਾਨੂੰ ਆਗਿਆ ਦਿੱਤੀ
ਹੈ [4]ਤਦ ਦੇਸ ਦੇ ਲੋਕ ਯਹੂਦਾਹ ਦੀ ਪਰਜਾ ਦੇ ਹੱਥ ਢਿੱਲੇ ਕਰਨ ਅਰ ਬਣਾਉਣ ਦੇ ਵੇਲੇ ਉਨ੍ਹਾਂ ਨੂੰ
ਕਸ਼ਟ ਦੇਣ ਲੱਗੇ [5]ਅਤੇ ਫ਼ਾਰਸ ਦੇ ਪਾਤਸ਼ਾਹ ਕੋਰਸ ਦੇ ਦਿਨਾਂ ਤੋਂ ਲੈ ਕੇ ਫ਼ਾਰਸ ਦੇ ਪਾਤਸ਼ਾਹ ਦਾਰਾ
ਦੇ ਰਾਜ ਤਾਈਂ ਉਨ੍ਹਾਂ ਦੇ ਮਨੋਰਥ ਨੂੰ ਮੇਟਣ ਲਈ ਉਨ੍ਹਾਂ ਦੇ ਵਿਰੁੱਧ ਸਲਾਹਕਾਰਾਂ ਨੂੰ ਵੱਢੀ ਦਿੰਦੇ ਰਹੇ।**

**ਆਇਤਾਂ 1, 2.** ਵਚਨ ਪਹਿਲਾਂ ਮਦਦ ਦੀ ਪੇਸ਼ਕਸ਼ ਬਾਰੇ ਦੱਸਦਾ ਹੈ ਜਿਹੜੀ ਯਹੂਦੀਆਂ ਨੂੰ ਹੈਕਲ ਨੂੰ ਬਣਾਉਣਾ ਸ਼ੁਰੂ ਕਰਨ ਲੱਗਿਆ ਦੇਸ਼ ਦੇ ਲੋਕਾਂ ਵੱਲੋਂ ਮਿਲੀ ਸੀ। ਦੱਖਣੀ ਰਾਜ ਯਹੂਦਾ ਦੀਆਂ ਦੋ ਗੋਤਰਾਂ **ਯਹੂਦਾਹ** ਅਤੇ **ਬਿਨਯਾਮੀਨ** ਦਾ ਜ਼ਿਕਰ ਹੈ ਜਿਸ ਨੂੰ ਬਾਬਲ ਦੀ ਅਸੀਰੀ ਵਿਚ ਲਿਆਂਦਾ ਗਿਆ ਸੀ; ਜਲਾਵਤਨੀ ਤੋਂ ਵਾਪਸ ਆਉਣ ਵਾਲੇ ਬਹੁਤੇ ਲੋਕ ਇਨ੍ਹਾਂ ਦੋਹਾਂ ਗੋਤਰਾਂ ਵਿੱਚੋਂ ਸਨ। ਬਾਕੀ ਦੇ ਹੋਰਨਾਂ ਗੋਤਰਾਂ ਵਿੱਚੋਂ ਸਨ ਜੋ 586 ਈ.ਪੂ. ਵਿਚ ਯਰੂਸ਼ਲਮ ਦੀ ਬਰਬਾਦੀ ਤੋਂ ਪਹਿਲਾਂ ਦੱਖਣ ਵੱਲ ਚਲੇ ਗਏ ਸਨ (2 ਇਤਹਾਸ 30:11, 18, 19; 34:9)।

ਯਹੂਦਾਹ ਦੇ ਵਿਰੋਧੀਆਂ ਨੇ **ਸੁਣਿਆ** ਕਿ ਯਹੂਦੀ ਲੋਕ **ਹੈਕਲ ਬਣਾ ਰਹੇ ਹਨ**। ਇਹ ਵਾਕ ਸਾਫ਼–ਸਾਫ਼ ਆਇਤ ਨੂੰ 3:13 ਨਾਲ ਜੋੜਦਾ ਹੈ, ਜਿੱਥੇ ਕਿਹਾ ਗਿਆ ਹੈ ਕਿ ਲਲਕਾਰਿਆਂ ਦਾ ''ਰੌਲਾ ਦੂਰ ਤਾਈਂ ਸੁਣੀਂਦਾ ਸੀ।''

ਅੱਜ ਆਮ ਤੌਰ ਤੇ ਯਹੂਦੀਆਂ ਦੇ ਵਿਰੋਧੀ ਸਾਮਰੀਆਂ ਨੂੰ ਮੰਨਿਆ ਜਾਂਦਾ ਹੈ, ਕਿਉਂ ਜੋ 4:10, 17 ਵਿਚ ''ਸਾਮਰੀਆ'' ਦਾ ਜ਼ਿਕਰ ਹੈ। ''ਸਾਮਰੀ'' ਜੋ ''ਯਹੂਦੀ ਧਰਮ ਦੀ ਹੀ ਇਕ ਪੁਰਾਣੀ ਸ਼ਾਖ'' ਸਨ, ਉਹ ਧੜਾ ਸਨ ਜਿਹੜਾ ਪੁਰਾਣੇ ਨੇਮ ਦੀਆਂ ਸਿਰਫ਼ ਪਹਿਲੀਆਂ ਪੰਜ ਕਿਤਾਬਾਂ ਨੂੰ ਮੰਨਦਾ ਸੀ। ਪਰ ''ਸਾਮਰੀਆਂ'' ਜਿਹੜੇ ਸਿਰਫ਼ ''ਸਾਮਰੀਆ ਦੇ ਵਾਸੀ'' ਸਨ ਪਛਾਣ ਏਨੀ ਕੁ ਨਹੀਂ ਹੈ।[2] ਸਾਮਰੀ ਲੋਕ ਉਨ੍ਹਾਂ ਲੋਕਾਂ ਦੀ ਸੰਤਾਨ ਸਨ ਜਿਨ੍ਹਾਂ ਨੂੰ ਅੱਸ਼ੂਰੀਆਂ ਵੱਲੋਂ ਜ਼ਿਆਦਾਤਰ ਇਸਰਾਏਲੀਆਂ ਦੇ ਜਲਾਵਤਨੀ ਵਿਚ ਲਿਜਾਏ ਜਾਣ ਤੋਂ ਬਾਅਦ ਹੋਰਨਾਂ ਦੇਸ਼ਾਂ ਤੋਂ ਉੱਤਰੀ ਰਾਜ ਵੱਲੋਂ ਕਬਜ਼ਾਂ ਕੀਤੇ ਗਏ ਇਲਾਕੇ ਵਿਚ ਲਿਆਂਦੇ ਗਏ ਸਨ।

ਇਨ੍ਹਾਂ ਲੋਕਾਂ ਨੇ ਦੱਸਿਆ ਕਿ ਉਹ **ਅੱਸੂਰ ਦੇ ਰਾਜਾ ਏਸਰ-ਹੱਦਨ ਦੇ ਦਿਨਾਂ** ਵਿਚ ਦੇਸ਼ ਵਿਚ ਆਏ ਸਨ (681–669 ਈ.ਪੂ.)। ਪਹਿਲਾਂ ਦੇ ਇਕ ਅੱਸ਼ੂਰੀ ਰਾਜੇ, ਫਰਗੋਨ ਦੂਜੇ ਨੇ 722 ਈ.ਪੂ. ਦੇ ਨੇੜੇ ਤੇੜੇ ਇਸਰਾਏਲੀਆਂ ਨੂੰ ਪਹਿਲਾਂ ਘੱਲਿਆ ਸੀ।[3] ਸਾਫ਼ ਹੈ ਕਿ ਉਹ ਨੇ ਦੂਜੇ ਸ਼ਬਦਾਂ ਦੇ ਲੋਕਾਂ ਨਾਲ ਇਸਰਾਏਲੀਆਂ ਦੇ ਵਟਾਂਦਰੇ ਦੀ ਨੀਤੀ ਸ਼ੁਰੂ ਕੀਤੀ (2 ਰਾਜਿਆਂ 17:6, 24–33) ਅਤੇ ਹੋਰ ਅੱਸ਼ੂਰੀ ਰਾਜਿਆਂ ਨੇ ਇਸੇ ਨੀਤੀ ਨੂੰ ਪਣਾਇਆ ਸੀ। ਇਹ ਦਾਅਵਾ ਕਿ ਇਨ੍ਹਾਂ ਲੋਕਾਂ ਨੂੰ ''ਏਸਰ–ਹੱਦਨ ਦੇ ਦਿਨਾਂ'' ਵਿਚ ਉੱਥੇ ਲਿਆਂਦਾ ਗਿਆ ਸੀ, ਅੱਸ਼ੂਰੀ–ਫ਼ਲਸਤੀਨੀ ਕੈਂਪੇਨ ਦੇ ਇਕ ਪੁਰਾਣੇ ਰਿਕਾਰਡ ਨਾਲ ਮੇਲ ਖਾਂਦਾ ਹੈ। ਇਸ ਰਾਜੇ ਨੇ ਸੈਦਾ ਨੂੰ ਹਰਾ ਕੇ ''ਉੱਤਰ ਵੱਲ'' ਦੂਜੇ

ਲੋਕਾਂ ਨੂੰ ਉੱਥੇ ਵਸਾਇਆ ਸੀ।[4]

ਸਾਮਰੀਆ ਵਿਚ ਲਿਆਂਦੇ ਗਏ ਇਨ੍ਹਾਂ ਲੋਕਾਂ ਨੇ ਦੇਸ਼ ਵਿਚ ਰਹਿ ਗਏ ਇਸਰਾਏਲੀਆਂ ਨਾਲ ਆਪੋ ਵਿਚ ਵਿਆਹ ਕਰ ਲਏ ਸਨ। 4:4 ਵਿਚ ਉਨ੍ਹਾਂ ਨੂੰ ''ਦੇਸ਼ ਦੇ ਲੋਕ'' ਆਖਿਆ ਗਿਆ ਹੈ ਜਿਸ ਦਾ ਸਾਫ਼ ਮਤਲਬ ਵਾਪਸ ਆਉਣ ਵਾਲਿਆਂ ਦੀ ਥਾਂ ਤੇ ਰਹਿਣ ਵਾਲੇ ਗੈਰ ਯਹੂਦੀ (ਜਾਂ ਗੈਰ–ਇਸਰਾਏਲੀ) ਸੀ।[5]

ਉਨ੍ਹਾਂ ਨੂੰ ਯਹੂਦੀਆਂ ਦੇ **ਵਿਰੋਧੀ** ਕਿਉਂ ਕਿਹਾ ਗਿਆ ਹੈ? ਬਜਾਇ ਇਸ ਦੇ ਕਿ ਇਸ ਤੋਂ ਪਹਿਲਾਂ ਉਸ ਨੇ ਕੀ ਕੀਤਾ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਵਿਰੋਧੀ ਇਸ ਅਧਾਰ ਤੇ ਮੰਨਿਆ ਜਾਂਦਾ ਹੋਵੇ ਕਿ ਉਸ ਤੋਂ ਅੱਗੇ ਉਹ ਕੀ ਕਰਨਗੇ। ਆਉਣ ਵਾਲੇ ਸਾਲਾਂ ਵਿਚ ਉਨ੍ਹਾਂ ਨੇ ਹਰ ਤਰੀਕੇ ਨਾਲ ਯਹੂਦੀਆਂ ਨੂੰ ਆਪਣੇ ਮਕਸਦ ਪੂਰੇ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਨੀ ਸੀ। ਸ਼ਾਇਦ ਉਹ ਮਦਦ ਤੋਂ ਇਨਕਾਰ ਕੀਤੇ ਜਾਣ ਕਰਕੇ ਨਾਰਾਜ਼ ਸਨ। ਇਕ ਵਾਧੂ ਅਤੇ ਸ਼ਾਇਦ (ਵਧੇਰੇ ਅਹਿਮ) ਕਾਰਣ ਇਹ ਹੈ ਕਿ ਜਦ ਯਹੂਦੀ ਲੋਕ ਵਾਪਸ ਆਏ ਸਨ ਤਾਂ ਉਨ੍ਹਾਂ ਨੇ ਉਸ ਜ਼ਮੀਨ ਨੂੰ ਵਾਪਸ ਲੈ ਲਿਆ ਸੀ ਜਿਹਨੂੰ ਉਸ ਦੇਸ਼ ਦੇ ਲੋਕ ਵਰਤ ਰਹੇ ਹੋਣਗੇ;[6] ਉਨ੍ਹਾਂ ਦਾ ਇਲਾਕਾ ਉਸ ਵੱਡੇ ਸੂਬੇ ਵਿੱਚੋਂ ਘਟ ਗਿਆ ਸੀ ਜਿਹੜਾ ਕਦੇ ਉਨ੍ਹਾਂ ਦਾ ਸੀ। ਇਸ ਕਰਕੇ ਨਵੇਂ ਵੱਸੇ ਲੋਕਾਂ ਤੋਂ ਸਥਾਨਕ ਲੋਕਾਂ ਦਾ ਅਤੇ ਸੂਬੇ ਦੇ ਹਾਕਮਾਂ ਦਾ ਨਰਾਜ਼ ਹੋਣ ਦਾ ਇਹੀ ਕਾਰਣ ਸੀ।

**ਜ਼ਰੁੱਬਾਬਲ** ਅਤੇ ਹੋਰ ਯਹੂਦੀ ਆਗੂਆਂ (ਜਿਨ੍ਹਾਂ ਨੂੰ **ਪਿੱਤ੍ਰਾਂ ਦੇ ਘਰਾਣਿਆਂ ਦੇ ਮੁਖੀਆਂ** ਵਜੋਂ ਪਛਾਣਿਆ ਗਿਆ) ਮਦਦ ਦੀ ਸਥਾਨਕ ਲੋਕਾਂ ਦੀ ਪੇਸ਼ਕਸ਼ ਕਿਉਂ ਠੁਕਰਾਈ? ਸੰਭਵ ਤੌਰ ਤੇ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਜਿਹੜੇ ਲੋਕ ਮਦਦ ਕਰਨਾ ਚਾਹੁੰਦੇ ਸਨ ਉਨ੍ਹਾਂ ਦਾ ਇਰਾਦਾ ਕੁਝ ਹੋਰ ਹੋ ਸਕਦਾ ਹੈ। ਪਰ ਇਹ ਕਰੀਬ–ਕਰੀਬ ਪੱਕਾ ਹੈ ਕਿ ਉਨ੍ਹਾਂ ਨੇ ਉਲਟਾ ਜਵਾਬ ਇਸ ਕਰਕੇ ਦਿੱਤਾ ਕਿਉਂ ਜੋ ਉਨ੍ਹਾਂ ਨੂੰ ਪਤਾ ਸੀ ਕਿ ਮਦਦ ਦੀ ਪੇਸ਼ਕਸ਼ ਕਰਨ ਵਾਲੇ ਲੋਕ ਇੱਕੋ ਸੱਚੇ **ਪਰਮੇਸ਼ੁਰ** ਦੇ ਇਲਾਵਾ ਹੋਰਨਾਂ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ (2 ਰਾਜਿਆਂ 17:29–34)।[7] ਯਹੂਦੀਆਂ ਦੀ ਨਜ਼ਰ ਵਿਚ ਇਸ ਦੀ ਕੋਈ ਤੁਕ ਨਹੀਂ ਸੀ, ਜਿਨ੍ਹਾਂ ਦੀ ਕੌਮ ਨੇ ਹਾਲ ਹੀ ਵਿਚ ਬੁੱਤਪ੍ਰਸਤੀ ਦੇ ਨਤੀਜੇ ਵਜੋਂ ਅਸੀਰੀ ਭੋਗੀ ਸੀ, ਕਿ ਉਹ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਨਾਲ ਰਲਾ ਲੈਣ ਜਿਹੜੇ ਉਨ੍ਹਾਂ ਨੂੰ ਯਹੋਵਾਹ ਦੀ ਨਵੇਕਲੀ ਬੰਦਗੀ ਕਰਨ ਤੋਂ ਫਿਰ ਜਾਣ ਲਈ ਪ੍ਰਭਾਵਿਤ ਕਰ ਸਕਦੇ ਸਨ।

**ਆਇਤ 3.** ਯਹੂਦੀ ਆਗੂਆਂ ਨੇ ਮਦਦ ਦੀ ਪੇਸ਼ਕਸ਼ ਦਾ ਜਵਾਬ ''ਨਹੀਂ, ਸ਼ੁਕਰੀਆ'' ਵਰਗੇ ਰੁੱਖੇ ਸ਼ਬਦਾਂ ਨਾਲ ਦਿੱਤਾ। ਉਨ੍ਹਾਂ ਆਖਿਆ, **ਇਹ ਤੁਹਾਡਾ ਕੰਮ ਨਹੀਂ ਭਈ ਸਾਡੇ ਨਾਲ ਸਾਡੇ ਪਰਮੇਸ਼ੁਰ ਦੇ ਲਈ ਭਵਨ ਬਣਾਓ।** NIV ਦੇ ਮੁਤਾਬਕ, ਉਨ੍ਹਾਂ ਕਿਹਾ, ''ਸਾਡੇ ਖ਼ੁਦਾ ਲਈ ਹੈਕਲ ਬਣਾਉਣ ਵਿਚ ਸਾਡੇ ਨਾਲ ਤੁਹਾਡਾ ਕੋਈ ਹਿੱਸਾ ਨਹੀਂ।'' NEB ਵਿਚ ਹੈ, ''ਆਪਣੇ ਖ਼ੁਦਾ ਲਈ ਜਿਹੜਾ ਭਵਨ ਅਸੀਂ ਬਣਾਉਣ ਵਾਲੇ ਹਾਂ ਉਹਦੇ ਨਾਲ ਤੁਹਾਡਾ ਕੋਈ ਲੈਣ ਦੇਣ ਨਹੀਂ।'' ਇਸ ਤਰ੍ਹਾਂ ਨਾਲ ਉਨ੍ਹਾਂ ਨੇ ਉਸ ਵਿਚਾਰ ਨੂੰ ਨਕਾਰ ਦਿੱਤਾ ਕਿ ਖ਼ੁਦਾ ਦੀ ਬੰਦਗੀ ਕਰਨ ਦਾ ਦਾਅਵਾ ਕਰਨ ਨਾਲ ਇਹ ਲੋਕ ਵਫ਼ਾਦਾਰ ਯਹੂਦੀ ਬਣ ਗਏ ਸਨ। ਫਿਰ ਇਨ੍ਹਾਂ ਵਾਪਸ ਆਉਣ ਵਾਲਿਆਂ ਨੇ ਜ਼ੋਰ ਦੇ ਕੇ ਆਖਿਆ ਕਿ **ਕੋਰਸ** ਨੇ ਉਨ੍ਹਾਂ ਨੂੰ ਹੈਕਲ ਨੂੰ ਬਣਾਉਣ ਦੀ **ਆਗਿਆ** ਦਿੱਤੀ ਸੀ (ਵੇਖੋ 1:1–4), ਜਿਸ ਦਾ ਮਤਲਬ ਇਹ ਸੀ ਕਿ ਰਾਜੇ ਵੱਲੋਂ ਦਿੱਤੇ ਗਏ ਇਖ਼ਤਿਆਰ ਵਿਚ ਉਸ ਕੰਮ ਨੂੰ ਕਰਨ ਲਈ ਦੂਜਿਆਂ ਤੋਂ ਮਦਦ ਲੈਣ ਦੀ ਇਜਾਜ਼ਤ ਨਹੀਂ ਸੀ।

**ਆਇਤਾਂ 4, 5.** ਇਸ ਤੋਂ ਬਾਅਦ, **ਦੇਸ ਦੇ ਲੋਕਾਂ** ਨੇ ਯਹੂਦੀਆਂ **ਦੇ ਹੱਥ ਢਿੱਲੇ**[8] ਕੀਤੇ ਅਤੇ ਉਨ੍ਹਾਂ ਨੂੰ ਐਨਾ **ਕਸ਼ਟ ਦੇਣ ਲੱਗੇ** ਲੱਗੇ ਕਿ ਉਨ੍ਹਾਂ ਨੇ **ਬਣਾਉਣ** ਦਾ ਕੰਮ ਹੀ ਬੰਦ ਕਰ ਦਿੱਤਾ। ਇਹ ਕੰਮ ਬੰਦ **ਕੋਰਸ ਦੇ ਦਿਨਾਂ ਤੋਂ** [539–530 ਈ.ਪੂ.] **ਲੈ ਕੇ ਫ਼ਾਰਸ ਦੇ ਪਾਤਸ਼ਾਹ ਦਾਰਾ ਦੇ ਰਾਜ ਤਾਈਂ** (522–486 ਈ.ਪੂ.) ਭਾਵ ਲਗਭਗ 535 ਤੋਂ 520 ਈ.ਪੂ. ਤਕ ਰਿਹਾ।[9] ਯਹੂਦਾਹ

ਦੇ ਦੁਸ਼ਮਣਾਂ ਨੇ ਆਪਣੇ ਮਕਸਦ ਕਿਵੇਂ ਹਾਸਲ ਕੀਤੇ? ਵਚਨ ਸਿਵਾਇ ਇਹ ਦੱਸਣ ਦੇ ਕਿ ਉਹ **ਉਨ੍ਹਾਂ ਦੇ ਵਿਰੁੱਧ ਸਲਾਹਕਾਰਾਂ ਨੂੰ ਵੱਢੀ ਦਿੰਦੇ ਰਹੇ** ਹੋਰ ਕੁਝ ਨਹੀਂ ਦੱਸਦਾ। ਅਸੀਂ ਇਹ ਕਲਪਨਾ ਕਰ ਸਕਦੇ ਹਾਂ ਕਿ ਅਗਲੇ ਪੰਦਰਾਂ ਸੋਲਾਂ ਸਾਲਾਂ ਤਕ ਉਹ ਅਧਿਕਾਰੀਆਂ ਨੂੰ ਰਿਸ਼ਵਤ ਦਿੰਦੇ ਸਨ, ਆਪਣੇ ਹੱਕ ਵਿਚ ਬੋਲਣ ਵਾਲੇ ਲੋਕਾਂ ਨੂੰ ਖਰੀਦਦੇ, ਹੁੱਕਾ ਪਾਣੀ ਬੰਦ ਕਰਦੇ, ਮਜ਼ਦੂਰਾਂ ਨੂੰ ਧਮਕਾਉਂਦੇ ਅਤੇ ਗਾਲ੍ਹਾਂ ਕੱਢ ਕੇ ਕੰਮ ਕਰਨ ਵਿਚ ਰੁਕਾਵਟ ਪਾਉਂਦੇ ਅਤੇ ਹਿੰਸਕ ਵਾਰਦਾਤਾਂ ਕਰਦੇ ਰਹੇ।[10] ਹੱਜਈ ਦੀ ਕਿਤਾਬ ਦੇ ਮੁਤਾਬਕ ਅਖ਼ੀਰ ਵਿਚ ਯਹੂਦੀਆਂ ਨੇ ਨਿਰਾਸ਼ ਹੋ ਕੇ ਹੈਕਲ ਦਾ ਕੰਮ ਬੰਦ ਕਰ ਦਿੱਤਾ ਅਤੇ ਆਪਣੇ ਆਪਣੇ ਘਰ ਬਣਾਉਣ ਲਗ ਪਏ (ਹੱਜਈ 1: 1–4)।

ਹੈਕਲ ਦੇ ਕੰਮ ਦੇ ਵਿਰੋਧ ਦਾ ਇਤਹਾਸ ਆਇਤ 24 ਵਿਚ ਜਾਰੀ ਰਹਿੰਦਾ ਹੈ। ਪਰ ਕਹਾਣੀ ਨੂੰ ਅੱਗੇ ਤੋਰਨ ਤੋਂ ਪਹਿਲਾਂ ਲੇਖਕ ਨੇ ਦੋ ਹੋਰ ਰਾਜਿਆਂ ਦੀਆਂ ਹਕੂਮਤਾਂ ਦੌਰਾਨ ਵਿਰੋਧ ਦੀ ਗੱਲ ਕਰਕੇ ਇਕ ਤਰ੍ਹਾਂ ਦਾ ਬ੍ਰੈਕਟ ਜੋੜ ਦਿੱਤਾ।

## ਅਹਸ਼ਵੇਰੋਸ਼ ਦੀ ਹਕੂਮਤ ਦੌਰਾਨ ਵਿਰੋਧ (4:6)

**[6]ਅਤੇ ਅਹਸ਼ਵੇਰੋਸ਼ ਦੇ ਰਾਜ ਵਿੱਚ ਉਹ ਦੇ ਰਾਜ ਦੇ ਅਰੰਭ ਵਿੱਚ ਹੀ ਉਨ੍ਹਾਂ ਨੇ ਯਹੂਦਾਹ ਤੇ ਯਰੂਸ਼ਲਮ ਦੇ ਵਾਸੀਆਂ ਦੇ ਵਿਰੁੱਧ ਊਜਾਂ ਲਿਖੀਆਂ।**

**ਆਇਤ 6.** ਯਹੂਦੀਆਂ ਦੇ ਖ਼ਿਲਾਫ਼ ਲਿਖਤੀ ਸ਼ਿਕਾਇਤ ਆਈ ਜਿਹੜੀ **ਅਹਸ਼ਵੇਰੋਸ਼** ਅਰਥਾਤ ਅਕਸ਼ਰਸ਼ ਪਹਿਲੇ **ਦੇ ਰਾਜ ਵਿੱਚ** ਘੱਲੀ ਗਈ ਸੀ।[11] ਇਹ ਵਾਕਿਆ **ਉਹਦੇ ਰਾਜ ਦੇ ਅਰੰਭ ਵਿਚ ਹੀ** 480 ਈ.ਪੂ. ਦੇ ਨੇੜੇ–ਤੇੜੇ ਵਾਪਰਿਆ। ਇਸ ਦੇ ਨਤੀਜਿਆਂ ਬਾਰੇ ਕੁਝ ਨਹੀਂ ਕਿਹਾ ਗਿਆ, ਸਾਫ਼ ਹੈ ਕਿ ਇਹ ਇਸ ਕਰਕੇ ਦਿੱਤਾ ਗਿਆ ਤਾਂ ਜੋ ਇਹ ਵਿਖਾਇਆ ਜਾ ਸਕੇ ਕਿ ਕਿਵੇਂ ਯਹੂਦੀਆਂ ਨੂੰ ਬਾਰ–ਬਾਰ ਆਪਣੇ ਮਿਸ਼ਨ ਦੇ ਸਬੰਧ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

## ਅਰਤਹਸ਼ਸ਼ਤਾ ਪਹਿਲੇ ਦੀ ਹਕੂਮਤ ਦੌਰਾਨ ਵਿਰੋਧ (4:7-23)

**[7]ਅਤੇ ਅਰਤਹਸ਼ਸ਼ਤਾ ਦੇ ਦਿਨੀਂ ਬਿਸ਼ਲਾਮ, ਮਿਥਰਦਾਥ, ਟਾਬਏਲ ਤੇ ਉਹ ਦੇ ਬਾਕੀ ਸਾਰੇ
ਸਾਥੀਆਂ ਨੇ ਫ਼ਾਰਸ ਦੇ ਪਾਤਸ਼ਾਹ ਅਰਤਹਸ਼ਸ਼ਤਾ ਨੂੰ ਲਿਖਿਆ ਅਤੇ ਉਨ੍ਹਾਂ ਦੀ ਚਿੱਠੀ ਅਰਾਮੀ ਅੱਖਰਾਂ
ਤੇ ਅਰਾਮੀ ਬੋਲੀ ਵਿਚ ਲਿਖੀ ਹੋਈ ਸੀ [8]ਰਹੂਮ ਰਾਜ ਮੰਤਰੀ ਤੇ ਸ਼ਿਮਸਈ ਲਿਖਾਰੀ ਨੇ ਅਰਤਹਸ਼ਸ਼ਤਾ
ਪਾਤਸ਼ਾਹ ਨੂੰ ਯਰੂਸ਼ਲਮ ਦੇ ਵਿਰੁੱਧ ਐਉਂ ਇੱਕ ਚਿੱਠੀ ਲਿਖੀ, - [9]ਤਦ ਰਹੂਮ ਰਾਜ ਮੰਤਰੀ ਤੇ ਸ਼ਿਮਈ
ਲਿਖਾਰੀ ਤੇ ਉਨ੍ਹਾਂ ਦੇ ਬਾਕੀ ਸਾਥੀਆਂ ਨੇ ਲਿਖਿਆ ਅਰਥਾਤ ਉਨ੍ਹਾਂ ਨੇ ਜੋ ਦੀਨਾਈ ਤੇ ਅਫ਼ਰਸਥਕਾਯੀ
ਤੇ ਟਰਪਲਾਈ, ਅਫ਼ਾਰਸਾਈ, ਅਰਕਵਾਈ, ਬਬਲਾਈ, ਸ਼ੁਸ਼ਨਕਾਈ, ਦਹਾਵੀ, ਏਲਮਾਈ ਸਨ
[10]ਨਾਲੇ ਬਾਕੀ ਉਨ੍ਹਾਂ ਉੱਮਤਾਂ ਨੇ ਜਿਨ੍ਹਾਂ ਨੂੰ ਆਸਨੱਪਰ ਨੇ ਜੋ ਮੰਨਿਆ ਦੰਨਿਆ ਤੇ ਪਤ ਵਾਲਾ ਸੀ ਪਾਰ
ਲਿਜਾ ਕੇ ਸਾਮਰਿਯਾ ਨਗਰ ਤੇ ਨਦੀ ਦੇ ਉਰਾਰ ਦੇ ਬਾਕੀ ਦੇਸ ਵਿੱਚ ਵਸਾਇਆ ਵਗੈਰਾ ਵਗੈਰਾ।
[11]ਉਸ ਚਿੱਠੀ ਦੀ ਨਕਲ ਜੋ ਉਨ੍ਹਾਂ ਨੇ ਅਰਤਹਸ਼ਸ਼ਤਾ ਪਾਤਸ਼ਾਹ ਦੇ ਕੋਲ ਘੱਲੀ ਇਹ ਹੈ - ਤੁਹਾਡੇ ਦਾਸ
ਓਹ ਲੋਕ ਜੋ ਦਰਿਆਉਂ ਪਾਰ ਰਹਿੰਦੇ ਹਨ ਵਗੈਰਾ ਵਗੈਰਾ [12]ਪਾਤਸ਼ਾਹ ਨੂੰ ਪਤਾ ਹੋਵੇ ਭਈ ਯਹੂਦੀ
ਜੋ ਤੁਹਾਡੇ ਕੋਲੋਂ ਸਾਡੀ ਵੱਲ ਯਰੂਸ਼ਲਮ ਵਿੱਚ ਆਏ ਹਨ ਉਸ ਆਕੀ ਤੇ ਕੁਪੱਤੇ ਸ਼ਹਿਰ ਨੂੰ ਬਣਾ ਰਹੇ
ਹਨ ਅਤੇ ਕੰਧਾਂ ਨੂੰ ਮੁਕਾ ਤੇ ਨੀਆਂ ਨੂੰ ਸੁਧਾਰ ਚੁੱਕੇ ਹਨ [13]ਪਾਤਸ਼ਾਹ ਨੂੰ ਮਾਲੂਮ ਹੋਵੇ ਭਈ ਜੇ ਇਹ
ਸ਼ਹਿਰ ਬਣ ਜਾਵੇ ਤੇ ਕੰਧਾਂ ਨਿੱਬੜ ਜਾਣ ਤਾਂ ਓਹ ਕਰ ਤੇ ਚੁੰਗੀ ਤੇ ਮਾਮਲਾ ਨਹੀਂ ਦੇਣਗੇ ਤੇ ਅੰਤ
ਵਿੱਚ ਪਾਤਸ਼ਾਹੀ ਮਾਮਲੇ ਵਿੱਚ ਘਾਟਾ ਪੈ ਜਾਵੇਗਾ [14]ਏਸ ਲਈ ਜੋ ਅਸੀਂ ਪਾਤਸ਼ਾਹ ਦਾ ਲੂਣ ਖਾਂਦੇ**

**ਹਾਂ ਤੇ ਉੱਚਿਤ ਨਹੀਂ ਭਈ ਸਾਡੇ ਸਾਹਮਣੇ ਪਾਤਸ਼ਾਹ ਦਾ ਅਪਮਾਨ ਹੋਵੇ ਤਾਂ ਅਸਾਂ ਲਿਖ ਕੇ ਪਾਤਸ਼ਾਹ ਨੂੰ ਚਿਤਾਰਿਆ ਹੈ [15]ਤਾਂ ਜੋ ਤੁਹਾਡੇ ਪਿਉ ਦਾਦੇ ਦੇ ਇਤਹਾਸ ਦੀ ਪੋਥੀ ਵਿੱਚ ਪੜਤਾਲ ਕੀਤੀ ਜਾਵੇ ਤਾਂ ਉਸ ਇਤਹਾਸ ਦੀ ਪੋਥੀ ਵਿੱਚੋਂ ਮਹਾਰਾਜ ਨੂੰ ਪੱਕਾ ਪਤਾ ਲਗ ਜਾਵੇ ਭਈ ਇਹ ਸ਼ਹਿਰ ਇੱਕ ਆਕੀ ਸ਼ਹਿਰ ਹੈ ਜੋ ਰਾਜਿਆਂ ਤੇ ਸੂਬਿਆਂ ਦੀ ਹਾਨੀ ਕਰਦਾ ਰਿਹਾ ਹੈ ਤੇ ਪਰਾਚੀਨ ਕਾਲ ਤੋਂ ਉਹ ਦੇ ਵਿੱਚ ਦੰਗੇ ਹੁੰਦੇ ਰਹੇ ਹਨ ਇਸ ਕਰਕੇ ਇਹ ਸ਼ਹਿਰ ਉਜਾੜ ਦਿੱਤਾ ਗਿਆ ਸੀ [16]ਅਸੀਂ ਪਾਤਸ਼ਾਹ ਨੂੰ ਚਿਤਾਰਦੇ ਹਾਂ ਕਿ ਜੇ ਇਹ ਸ਼ਹਿਰ ਬਣ ਜਾਵੇ ਤੇ ਇਹ ਦੀਆਂ ਕੰਧਾਂ ਉਸਾਰੀਆਂ ਜਾਣ ਤਾਂ ਇਸ ਕਾਰਣ ਦਰਿਆਉਂ ਪਾਰ ਤੁਹਾਡਾ ਕੋਈ ਹਿੱਸਾ ਨਹੀਂ ਰਹਿਣਾ। [17]ਤਦ ਪਾਤਸ਼ਾਹ ਨੇ ਰਹੂਮ ਰਾਜਮੰਤਰੀ ਤੇ ਸ਼ਿਮਸ਼ਈ ਲਿਖਾਰੀ ਤੇ ਉਨ੍ਹਾਂ ਦੇ ਬਾਕੀ ਸਾਥੀਆਂ ਨੂੰ ਜੋ ਸਾਮਰਿਯਾ ਤੇ ਦਰਿਆਉਂ ਪਾਰ ਦੇ ਬਾਕੀ ਦੇਸ ਵਿੱਚ ਰਹਿੰਦੇ ਸਨ ਇੱਕ ਉੱਤਰ ਘੱਲਿਆ - ਕਿ ਸਲਾਮ, ਵਗੈਰਾ ਵਗੈਰਾ [18]ਜੋ ਚਿੱਠੀ ਤੁਸਾਂ ਸਾਨੂੰ ਘੱਲੀ ਉਹ ਮੇਰੇ ਸਨਮੁਖ ਸਾਫ ਸਾਫ ਪੜ੍ਹੀ ਗਈ [19]ਅਤੇ ਮੈਂ ਆਗਿਆ ਦਿੱਤੀ ਅਰ ਪੜਤਾਲ ਹੋਈ ਤੇ ਪਤਾ ਲੱਗਾ ਭਈ ਏਸ ਸ਼ਹਿਰ ਨੇ ਪੁਰਾਣਿਆਂ ਸਮਿਆਂ ਤੋਂ ਰਾਜਿਆਂ ਦੇ ਵਿਰੁੱਧ ਸਿਰ ਚੁੱਕਿਆ ਹੈ ਅਰ ਉਹ ਦੇ ਵਿੱਚ ਦੰਗਾ ਫਸਾਦ ਹੁੰਦਾ ਰਿਹਾ ਹੈ [20]ਅਤੇ ਯਰੂਸ਼ਲਮ ਵਿੱਚ ਬਲਵੰਤ ਰਾਜੇ ਵੀ ਹੋਏ ਹਨ ਜਿਨ੍ਹਾਂ ਨੇ ਦਰਿਆਉਂ ਪਾਰ ਦੇ ਸਾਰੇ ਦੇਸਾਂ ਉੱਤੇ ਰਾਜ ਕੀਤਾ ਹੈ ਅਤੇ ਕਰ, ਚੁੰਗੀ ਤੇ ਮਾਮਲਾ ਉਨ੍ਹਾਂ ਨੂੰ ਦਿੱਤਾ ਜਾਂਦਾ ਸੀ [21]ਹੁਣ ਤੁਸੀਂ ਹੁਕਮ ਕੱਢੋ ਭਈ ਇਹ ਲੋਕ ਕੰਮ ਬੰਦ ਕਰਨ ਤੇ ਜਦ ਤਾਂਈਂ ਮੇਰੀ ਵੱਲੋਂ ਆਗਿਆ ਨਾ ਨਿਕੱਲੇ ਇਹ ਸ਼ਹਿਰ ਨਾ ਬਣੇ [22]ਚੌਕਸ ਹੋਵੋ ਇਸ ਵਿੱਚ ਢਿਲ ਨਾ ਕਰਿਓ - ਰਾਜਿਆਂ ਦੀ ਹਾਨੀ ਲਈ ਬੁਰਿਆਈ ਕਿਉਂ ਵੱਧੇ? [23]ਤਾਂ ਜਦੋਂ ਅਰਤਹਸ਼ਸ਼ਤਾ ਪਾਤਸ਼ਾਹ ਦੀ ਚਿੱਠੀ ਦੀ ਨਕਲ ਰਹੂਮ ਅਰ ਸ਼ਿਮਸ਼ਈ ਲਿਖਾਰੀ ਤੇ ਉਨ੍ਹਾਂ ਦੇ ਸਾਥੀਆਂ ਦੇ ਸਾਹਮਣੇ ਪੜ੍ਹੀ ਗਈ ਤਾਂ ਓਹ ਛੇਤੀ ਯਹੂਦੀਆਂ ਦੇ ਕੋਲ ਯਰੂਸ਼ਲਮ ਨੂੰ ਗਏ ਅਤੇ ਬਦੋਬਦੀ ਧੱਕੇ ਨਾਲ ਓਨ੍ਹਾਂ ਨੂੰ ਰੋਕ ਛੱਡਿਆ।**

**ਆਇਤ 7. ਅਰਤਹਸ਼ਸ਼ਤਾ** ਪਹਿਲੇ ਦੀ ਹਕੂਮਤ ਦੌਰਾਨ ਜਿਹੜੀ 465 ਤੋਂ 424 ਈ.ਪੂ. **ਫ਼ਾਰਸ** ਉੱਤੇ ਸੀ, ਯਹੂਦਆਂ ਦੇ ਖ਼ਿਲਾਫ਼ ਇਕ ਹੋਰ ਰਸਮੀ ਸ਼ਿਕਾਇਤ ਦਰਜ ਕੀਤੀ ਗਈ। ਰਾਜੇ ਅੱਗੇ ਕੀਤੀ ਗਈ ਇਸ ਬੇਨਤੀ ਵਿਚਲੇ ਨਾਂਅ ਆਇਤ 8 ਵਾਲੇ ਨਾਵਾਂ ਨਾਲੋਂ ਫ਼ਰਕ ਹਨ, ਇਸ ਕਰਕੇ ਇਹ ਮੰਨ ਲਿਆ ਜਾਂਦਾ ਹੈ ਕਿ ਆਇਤ 7 ਵਿਚਲਾ ਇਲਜ਼ਾਮ 4:8–23 ਵਾਲਾ ਇਲਜ਼ਾਮ ਨਹੀਂ ਸੀ।[12]

ਅਜ਼ਰਾ ਦਾ ਲੇਖਕ **ਬਿਸ਼ਲਾਮ, ਮਿਥਰਦਾਥ, ਟਾਬਏਲ ਤੇ ਉਹ ਦੇ ਬਾਕੀ ਸਾਰੇ ਸਾਥੀਆਂ** ਵੱਲੋਂ ਘੱਲੀ ਗਈ **ਚਿੱਠੀ** ਤੋਂ ਵਾਕਫ਼ ਸੀ। ਸਾਫ਼ ਹੈ ਕਿ ਇਸ ਤੇ ਕੁਝ ਸਵਾਲ ਹਨ ਕਿ ਇਨ੍ਹਾਂ ਨਾਵਾਂ ਨੂੰ ਕਿਵੇਂ ਸਮਝਿਆ ਜਾਵੇ। REB ਦਾ ਅਨੁਵਾਦ ਹੈ, ''ਮਿੱਤਰ ਦਾਸ ਦੇ ਸਮਝੌਤੇ ਨਾਲ, ਟਾਬਏਲ ਅਤੇ ਉਹਦੇ ਸਾਰੇ ਸਾਥੀਆਂ।'' NAB ਵਿਚ ਹੈ ਕਿ ''ਮਿਥਰਦਾਥ ਨੇ ਟਾਬਏਲ ਅਤੇ ਉਸ ਦੇ ਨਾਲ ਦੇ ਬਾਕੀ ਅਧਿਕਾਰੀਆਂ ਦੇ ਸਬੰਧ ਵਿਚ ਦੱਸਿਆ।''

ਲੇਖਕ ਨੂੰ ਪਤਾ ਸੀ ਕਿ ਇਹ ਚਿੱਠੀ ਉਸ ਸਮੇਂ ਦੀ ਕੂਟਨੀਤੀ ਦੀ ਅੰਤਰਰਾਸ਼ਟਰੀ ਭਾਸ਼ਾ **ਅਰਾਮੀ ਅੱਖਰਾਂ ਵਿਚ ਲਿਖੀ ਹੋਈ ਸੀ**। ਉਸ ਨੂੰ ਇਹ ਵੀ ਪਤਾ ਸੀ ਕਿ ਫ਼ਾਰਸ ਦੇ ਰਾਜੇ ਦੇ ਸਾਹਮਣੇ ਪੜ੍ਹੇ ਜਾਣ ਵੇਲੇ **ਅਰਾਮੀ ਬੋਲੀ** ਤੋਂ ਅਨੁਵਾਦ ਕੀਤੀ ਗਈ ਸੀ। ਪਹਿਲੀ ਸ਼ਿਕਾਇਤ ਬਾਰੇ ਇਸ ਤੋਂ ਵੱਧ ਹੋਰ ਕੁਝ ਪਤਾ ਨਹੀਂ ਹੈ।

**ਆਇਤ 8.** ਅਰਤਹਸ਼ਸ਼ਤਾ ਪਹਿਲੇ ਦੀ ਹਕੂਮਤ ਦੌਰਾਨ ਯਹੂਦੀਆਂ ਦੇ ਖ਼ਿਲਾਫ਼ ਲਾਇਆ ਗਿਆ ਦੂਜਾ ਇਲਜ਼ਾਮ, ਰਾਜੇ ਦੇ ਜਵਾਬ ਨਾਲ 4:8–23 ਵਿਚ ਮਿਲਦਾ ਹੈ। ਇਸ ਵਾਰੀ ਯਹੂਦੀਆਂ ਦੇ ਵਿਰੋਧੀ ਯਰੂਸ਼ਲਮ ਦੀਆਂ ''ਕੰਧਾਂ'' ਦੇ ਬਣਾਏ ਜਾਣ ਦਾ ਵਿਰੋਧ ਕਰ ਰਹੇ ਸਨ, ਨਾ ਕਿ ਹੈਕਲ ਦੇ ਬਣਾਏ ਜਾਣ ਦਾ (4:12)। ਹੋ ਸਕਦਾ ਹੈ ਕਿ ਇੱਥੇ ਦਰਜ ਘਟਨਾਵਾਂ ਹੈਕਲ ਦੇ ਬਣਾਏ ਜਾਣ ਤੋਂ ਬਹੁਤ ਬਾਅਦ ਵਿਚ 445 ਈ.ਪੂ. ਨੇੜੇ ਤੇੜੇ ਵਾਪਰੀਆਂ ਹੋਣ। ਦੇਸ਼ ਦੇ ਲੋਕਾਂ ਵੱਲੋਂ ਫ਼ਾਰਸੀ

ਰਾਜੇ ਅੱਗੇ ਘੱਲੀ ਗਈ ਇਸ ਸ਼ਿਕਾਇਤ ਅੱਗੇ ਯਹੂਦੀਆਂ ਨੂੰ ਪ੍ਰੋਜੈਕਟ ਉੱਤੇ ਕੰਮ ''ਬੰਦ'' ਕਰਨਾ ਪਿਆ (4:21)।

7: 12–26 ਦੇ ਨਾਲ ਨਾਲ ਅਜ਼ਰਾ 4:8–6:18 ਇਬਰਾਨੀ ਦੀ ਬਜਾਇ ਅਰਾਮੀ ਭਾਸ਼ਾ ਵਿਚ ਹੈ। ਸ਼ਾਇਦ ਇਸ ਕਰਕੇ ਕਿਉਂ ਜੋ ਕਿਤਾਬਾਂ ਦਾ ਇਹ ਬਹੁਤਾ ਹਿੱਸਾ ਮੌਜੂਦ ਅਰਾਮੀ ਦਸਤਾਵੇਜ਼ਾਂ ਤੋਂ ਸਿੱਧੇ ਨਕਲ ਕੀਤਾ ਗਿਆ ਸੀ। ਇਸ ਦੇ ਨਾਲ ਜੁੜੇ ਹਵਾਲੇ ਵੀ ਅਰਾਮੀ ਭਾਸ਼ਾ ਵਿਚ ਹਨ, ਸ਼ਾਇਦ ਇਸ ਕਰਕੇ ਕਿ ਲੇਖਕ ਅਤੇ ਪਾਠਕ ਦੋਹਾਂ ਲਈ ''ਇਕ ਤੋਂ ਦੂਜੀ ਭਾਸ਼ਾ ਵਿਚ ਬਦਲਣ'' ਦੀ ਲੋੜ ਨਾ ਹੋਣ ਕਰਕੇ ਅਸਾਨ ਸੀ।[13]

ਲੇਖਕ ਨੇ **ਯਰੂਸ਼ਲਮ ਦੇ ਵਿਰੁੱਧ ਚਿੱਠੀ** ਬਾਰੇ ਦੱਸਿਆ ਜਿਸ ਦੀ ਉਹ ਗੱਲ ਕਰਨ ਵਾਲਾ ਸੀ। ਇਸ ਚਿੱਠੀ ਨੂੰ ਲਿਖਣ ਵਾਲੇ ਆਦਮੀ ਦਾ ਨਾਮ **ਰਹੂਮ ਰਾਜ ਮੰਤਰੀ** ਦੱਸਿਆ ਗਿਆ ਹੈ। ਹੋਰਨਾਂ ਸੰਸਕਰਣਾਂ ਵਿਚ ''ਰਾਜਮੰਤਰੀ'' ਦੀ ਥਾਂ ''ਸ਼ਾਹੀ ਡਿਪਟੀ'' (NRSV), ''ਰਾਜਪਾਲ'' (NAB), ਅਤੇ ''ਉੱਚ ਅਧਿਕਾਰੀ'' (NIV) ਹੈ। ਰਹੂਮ ਨੇ **ਸ਼ਿਮਈ ਲਿਖਾਰੀ** ਤੋਂ ਲਿਖਵਾਇਆ ਜਿਹੜਾ ਸਕੱਤਰ ਦਾ ਕੰਮ ਕਰਦਾ ਸੀ। ਅਸਲ ਵਿਚ ਉਸ ਨੇ ਓਸੇ ਦੇ ਸ਼ਬਦਾਂ ਨੂੰ **ਲਿਖਿਆ**।

**ਆਇਤਾਂ 9, 10.** ਆਧੁਨਿਕ ਕਾਰੋਬਾਰੀ ਚਿੱਠੀ ਤੋਂ ਪਹਿਲਾਂ ਲਿਖੀਆਂ ਜਾਣ ਵਾਲੀਆਂ ਲੋਕਾਚਾਰ ਦੀਆਂ ਗੱਲਾਂ ਨਾਲ ਸ਼ੁਰੂ ਕਰਨ ਦੇ ਬਾਅਦ, 4:9–16 ਵਿਚ ਚਿੱਠੀ ਦੀ ਗੱਲ ਮਿਲਦੀ ਹੈ (ਵਾਪਸੀ ਪਤੇ ਅਤੇ ਅੰਦਰੂਨੀ ਪਤੇ ਵਾਂਗ)। ਇਹ ਚਿੱਠੀ ਸੂਬੇ ਦੇ ਸਾਰੇ ਸਰਕਾਰੀ ਅਧਿਕਾਰੀਆਂ ਦੇ ਨਾਲ ਨਾਲ **ਰਹੂਮ, ਸ਼ਮਈ,** ਅਤੇ **ਉਨ੍ਹਾਂ ਦੇ ਬਾਕੀ ਸਾਥੀਆਂ** ਨੂੰ ਵੀ ਘੱਲੀ ਗਈ। ਇਨ੍ਹਾਂ ਵਿਚ ਉਨ੍ਹਾਂ ਦੇਸ਼ਾਂ ਦੇ ਸਭ ਲੋਕ ਸ਼ਾਮਿਲ ਸਨ ਜਿਨ੍ਹਾਂ ਨੂੰ **ਆਸਨੱਪਰ ਨੇ ਜੋ ਮੰਨਿਆ ਦੰਨਿਆ ਤੇ ਪਤ ਵਾਲਾ ਸੀ ਪਾਰ ਲਿਜਾ ਕੇ ਨਦੀ ਦੇ ਉਰਾਰ ਵਿੱਚ ਵਸਾਇਆ** ਸੀ। ''ਆਸੱਨਪਰ'' ਸੰਭਵ ਤੌਰ ਤੇ ''ਅਸ਼ੁਰਬਨਿਪਾਲ'' (NIV) ਹੀ ਹੈ ਜਿਹੜਾ ਆਖ਼ਰੀ ਮਹਾਨ ਅੱਸ਼ੂਰੀ ਰਾਜਾ ਹੋਇਆ (ਲਗਭਗ 669–631 ਈ.ਪੂ.)। ਉਸਨੇ ਬਾਬਲ ਅਤੇ ਅਰਾਮ ਦੇ ਲੋਕਾਂ ਨੂੰ ਸਾਇਰੋ–ਫ਼ਲਸਤੀਨ ਵਿਚ ਫਰਾਤ ਦਰਿਆ ਦੇ ਪੱਛਮ ਵੱਲ ਵਸਾਇਆ। ਇਸ ''ਇਲਾਕੇ'' (ਜਾਂ ਸੂਬੇ[14] ਨੂੰ) ''ਨਦੀ ਦੇ ਉਰਾਰ'' ਵਜੋਂ ਵੀ ਜਾਣਿਆ ਜਾਂਦਾ ਸੀ ਅਤੇ ਇਸ ਦਾ ਜ਼ਿਕਰ ਅਜ਼ਰਾ (4:10, 11, 16, 17, 20; 5:3, 6; 6:6, 8, 13; 7:21, 25; 8:36) ਅਤੇ ਨਹਮਯਾਹ (ਨਹਮਯਾਹ 2:7, 9; 3:7) ਵਿਚ ਕਈ ਵਾਰ ਮਿਲਦਾ ਹੈ।

ਚਿੱਠੀ ਦੇ ਲਿਖਣ ਵਾਲਿਆਂ ਨੂੰ ਇਸ ਜਾਣ–ਪਛਾਣ ਦੇ ਰਾਹੀਂ ਦੋ ਚੀਜ਼ਾਂ ਹਾਸਲ ਕਰਨ ਦੀ ਉਮੀਦ ਸੀ। ਇਹ ਸਾਫ਼ ਕਰ ਦੇਣਾ ਕਿ ਚਿੱਠੀ ਸੂਬੇ ਦੇ ਆਗੂਆਂ ਦਾ ਇਕਮਤ ਹੋ ਕੇ ਲਿਆ ਗਿਆ ਵਿਚਾਰ ਸੀ ਅਤੇ ਇਹ ਦੱਸਣਾ ਕਿ ਯਹੂਦੀ ਦੀ ਵਾਪਸੀ ਵੇਲੇ ਉਹ ਦੇਸ਼ ਵਿਚ ਕਿਉਂ ਸਨ ਅਤੇ ਆਪਣੇ ਉੱਥੇ ਹੋਣ ਦੀ ਪੈਰਵੀ ਕਰਨਾ। ਉਹ ਉੱਥੇ ਕਿਸ ਕਰਕੇ ਸਨ ਕਿਉਂਕਿ ਮਹਾਰਾਜ (ਲਗਦਾ ਨਹੀਂ ਕਿ ਫ਼ਾਰਸੀ ਰਾਜੇ) ਨੇ ਉਨ੍ਹਾਂ ਨੂੰ ਉੱਥੇ ਵਸਾਇਆ ਸੀ।

**ਆਇਤ 11.** ਲੇਖਕ ਦੇ ਸਾਹਮਣੇ ਲਿਖਦੇ ਹੋਏ **ਚਿੱਠੀ ਦੀ ਨਕਲ** ਰੱਖੀ ਹੋਈ ਸੀ। ਇਹੋ ਜਿਹੀਆਂ ਚਿੱਠੀਆਂ ਵਿਚ ਆਮ ਤੌਰ ਜਿਵੇਂ ਹੁੰਦਾ ਹੈ, ਰਸਮੀ ਸਲਾਮ ਦੁਆ ਵਿਚ ਚਿੱਠੀ ਪਾਉਣ ਵਾਲੇ ਅਤੇ ਭੇਜਣ ਵਾਲੇ ਦਾ ਨਾਂਅ ਸੀ: **ਅਰਤਹਸ਼ਸ਼ਤਾ ਪਾਤਸ਼ਾਹ ਦੇ ਕੋਲ ਤੁਹਾਡੇ ਦਾਸ ਓਹ ਲੋਕ ਜੋ ਦਰਿਆਉਂ ਪਾਰ ਰਹਿੰਦੇ ਹਨ।**

**ਆਇਤ 12.** ਚਿੱਠੀ ਦੇ ਮੁੱਖ ਭਾਗ ਵਿਚ ਫ਼ਾਰਸੀ **ਪਾਤਸ਼ਾਹ** (ਅਰਤਹਸ਼ਸ਼ਤਾ ਪਹਿਲੇ) ਨੂੰ ਜਾਣੂ ਕਰਵਾਇਆ ਗਿਆ ਕਿ **ਯਹੂਦੀ ਜੋ ਉਸ ਕੋਲੋਂ ਆਏ ਸਨ ਆਕੀ ਤੇ ਕੁਪੱਤੇ ਸ਼ਹਿਰ ਨੂੰ ਬਣਾ ਰਹੇ ਸਨ।** ਦਾ ਅਰਥ ਇਹ ਹੈ ਕਿ ਇਹ ਉਹ ਯਹੂਦੀ ਨਹੀਂ ਸਨ ਜਿਹੜੇ ਜ਼ਰੁੱਬਾਬਲ ਦੇ ਨਾਲ ਗਏ ਸਨ। ਬਲਕਿ ਇਹ ਉਹ ਯਹੂਦੀ ਸਨ ਜਿਹੜੇ ਬਾਅਦ ਵਿਚ **ਯਰੂਸ਼ਲਮ** ਵਿਚ ਆਏ ਸਨ (8:1–20)। ਖ਼ਾਸ ਤੌਰ ਤੇ ਚਿੱਠੀ ਵਿਚ ਦੱਸਿਆ ਗਿਆ ਕਿ ਇਹ ਲੋਕ ਸ਼ਹਿਰ ਦੀਆਂ **ਕੰਧਾਂ** ਨੂੰ **ਬਣਾ ਰਹੇ** ਸਨ ਜਿਨ੍ਹਾਂ ਨੂੰ ਸਾਫ਼

ਤੌਰ ਤੇ ਉਹ **ਸੁਧਾਰ** ਦੇ ਕੰਮ ਮੁਕਾ ਚੁੱਕੇ **ਸਨ**।

**ਆਇਤ** 13. ਇਸ ਤੋਂ ਇਲਾਵਾ ਚਿੱਠੀ ਵਿਚ ਕਿਹਾ ਗਿਆ ਕਿ ਜੇ **ਸ਼ਹਿਰ ਬਣ** (ਭਾਵ ਕਿਲ੍ਹੇਬੰਦ ਹੋ) ਜਾਂਦਾ ਅਤੇ **ਕੰਧਾਂ ਨਿੱਬੜ** ਭਾਵ ਮੁਕੱਮਲ ਹੋ ਜਾਂਦੀਆਂ, **ਪਾਤਸ਼ਾਹ** ਨੂੰ ਯਰੂਸ਼ਲਮ ਤੋਂ ਮਿਲਣ ਵਾਲੇ **ਚੁੰਗੀ** ਅਤੇ ਟੈਕਸ ਨਹੀਂ ਮਿਲਣੇ ਸਨ। ਸ਼ਹਿਰਪਨਾਹ ਦੇ ਪੂਰੀ ਹੋਣ ਜਾਣ ਨਾਲ **ਪਾਤਸ਼ਾਹੀ ਮਾਮਲੇ ਵਿੱਚ ਘਾਟਾ ਪੈ** ਜਾਣਾ ਸੀ।

**ਆਇਤਾਂ** 14, 15. ਚਿੱਠੀ ਲਿਖਣ ਵਾਲਿਆਂ ਨੇ ਆਪਣੀ ਗੱਲ ਨੂੰ ਸਾਬਿਤ ਕਰਨ ਲਈ ਕਿਹਾ ਕਿ ਇਤਹਾਸਕ ਪੁਰਾਲੇਖਾਂ ਵਿੱਚੋਂ **ਪੜਤਾਲ ਕੀਤੀ ਜਾਵੇ** ਤਾਂ ਜੋ ਰਾਜੇ ਨੂੰ ਪਤਾ ਲਗ ਸਕੇ ਕਿ ਯਰੂਸ਼ਲਮ ਹੀ **ਇੱਕ ਆਕੀ ਸ਼ਹਿਰ ਹੈ ਜੋ** ਹਮੇਸਾ ਤੋਂ **ਰਾਜਿਆਂ ਤੇ ਸੂਬਿਆਂ ਦੀ ਹਾਨੀ ਕਰਦਾ ਰਿਹਾ ਹੈ**। ਸਾਫ਼ ਹੈ ਕਿ ਚਿੱਠੀ ਲਿਖਣ ਵਾਲਿਆਂ ਨੂੰ ਲੱਗਾ ਕਿ ਜੇ ਰਾਜਾ ਸ਼ਹਿਰਪਨਾਹ ਨੂੰ ਬਣਾਉਣ ਦੀ ਇਜਾਜ਼ਤ ਦੇ ਦਿੰਦਾ ਤਾਂ ਯਹੂਦੀਆਂ ਨੇ ਇਲਾਕੇ ਵਿਚ ਐਨੇ ਹਾਵੀ ਹੋ ਜਾਣਾ ਸੀ ਕਿ ਫ਼ਾਰਸੀਆਂ ਦਾ ਨਾ ਸਿਰਫ਼ ਯਹੂਦਾਹ ਦੇ ਛੋਟੇ ਜਿਹੇ ਇਲਾਕੇ ਉੱਤੇ ਬਲਕਿ ਪੂਰੇ ਸੂਬੇ ਉੱਤੇ ਜਿਸ ਨੂੰ ''ਨਦੀ ਦਾ ਉਰਾਰ'' ਕਿਹਾ ਜਾਂਦਾ ਸੀ, ਵੀ ਆਪਣਾ ਕਬਜ਼ਾ ਗੁਆ ਬੈਠਣਾ ਸੀ। ਚਿੱਠੀ ਲਿਖਣ ਵਾਲਿਆਂ ਨੂੰ ਇਹ ਲੱਗਾ ਕਿ ਉਹ ਸਿਰਫ਼ ਅਰਤਹਸ਼ਸ਼ਤਾ ਦੀ ਭਲਿਆਈ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਾ ਕਿ ਉਸ ਨੂੰ ਚਿਤਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿਉਂਕਿ ਉਹ **ਪਾਤਸ਼ਾਹ ਦਾ ਲੂਣ ਖਾਂਦੇ** ਸਨ,[15] ਅਤੇ ਇਸ ਕਰਕੇ ਉਨ੍ਹਾਂ ਲਈ ਇਹ **ਉਚਿਤ ਨਹੀਂ** ਸੀ ਕਿ ਉਹ ਯਹੂਦੀਆਂ ਨੂੰ ਆਪਣੇ **ਪਾਤਸ਼ਾਹ ਦਾ ਅਪਮਾਨ** ਕਰਨ ਦੇਣ।

ਚਿੱਠੀ ਝੂਠ ਅਤੇ ਸੱਚ ਦਾ ਯਕੀਨ ਦੁਆਉਣ ਵਾਲਾ ਮੇਲ ਸੀ। ਇਹ ਸੱਚ ਸੀ ਕਿ ਯਰੂਸ਼ਲਮ ਵਿਚ ਯਹੂਦਾਹ ਨੇ ਅਤੀਤ ਵਿਚ ਉਨ੍ਹਾਂ ਉੱਤੇ ਜਿੱਤ ਪਾਉਣ ਵਾਲਿਆਂ ਨਾਲ ਬਗ਼ਾਵਤ ਕੀਤੀ, ਖ਼ਾਸ ਕਰਕੇ ਬਾਬਲ ਵੱਲੋਂ ਕੀਤੀ ਜਾਣ ਵਾਲੀ ਬਰਬਾਦੀ ਦੇ ਸਾਲਾਂ ਵਿਚ; ਅਤੇ ਇਹ ਇਕ ਤੱਥ ਸੀ ਕਿ ਯਰੂਸ਼ਲਮ ਨੂੰ ਬਗ਼ਾਵਤ ਕਰਨ ਕਰਕੇ ਹੀ **ਉਜਾੜ ਦਿੱਤਾ ਗਿਆ ਸੀ**।

**ਆਇਤ** 16. ਇਹ ਵੀ ਸੱਚ ਸੀ ਕਿ ਅਤੀਤ ਵਿਚ, ਖ਼ਾਸਕਰ ਦਾਊਦ ਅਤੇ ਸੁਲੇਮਾਨ ਦੀ ਹਕੂਮਤ ਦੌਰਾਨ, ਇਲਾਕੇ ਉੱਤੇ ਇਸਰਾਏਲ ਦਾ ਦਬਦਬਾ ਸੀ। ਪਰ ਇਹ ਸੱਚ ਨਹੀਂ ਸੀ ਕਿ ਵਾਪਸ ਜਾਣ ਵਾਲੇ ਛੋਟੇ ਜਿਹੇ ਅਤੇ ਕਮਜ਼ੋਰ ਪਰਵਾਸੀਆਂ ਵਿਚ ਫ਼ਾਰਸ ਦੀ ਸ਼ਕਤੀਸ਼ਾਲੀ ਹਕੂਮਤ ਨੂੰ ਕੋਈ ਖ਼ਤਰਾ ਹੋਵੇ, ਜਾਂ ਯਹੂਦੀਆਂ ਵੱਲੋਂ ਸ਼ਹਿਰ ਦੀਆਂ ਕੰਧਾਂ ਨੂੰ ਮੁਕੰਮਲ ਕਰ ਲੈ ਜਾਣ ਤੇ ਰਾਜੇ ਨੂੰ ਉਨ੍ਹਾਂ ਵੱਲੋਂ ਟੈਕਸ ਨਾ ਦਿੱਤੇ ਜਾਣ ਦਾ ਕੋਈ ਖ਼ਤਰਾ ਹੋਵੇ। ਚਿੱਠੀ ਲਿਖਣ ਵਾਲਿਆਂ ਵਿੱਚੋਂ ਵੱਡੀ ਦਿਲਚਸਪੀ ਫ਼ਾਰਸੀ ਰਾਜੇ ਵਜੋਂ ਸਨਮਾਨ ਵਿਖਾਉਣਾ ਜਾਂ ਉਹ ਖ਼ਤਰਾ ਨਹੀਂ ਸੀ ਕਿ ਉਸ ਦਾ **ਦਰਿਆਉਂ ਪਾਰ ਕੋਈ ਹਿੱਸਾ ਨਹੀਂ ਰਹਿਣਾ** ਸੀ, ਬਲਕਿ ਉਨ੍ਹਾਂ ਨੂੰ ਡਰ ਸੀ ਕਿ ਯਹੂਦੀਆਂ ਦੀ ਤਰੱਕੀ ਨਾਲ ਉਨ੍ਹਾਂ ਦੀ ਆਪਣੀ ਮਾਲਕੀ, ਇੱਜ਼ਤ ਮਾਣ, ਸ਼ਕਤੀ ਅਤੇ ਤਰੱਕੀ ਖੁੱਸ ਜਾਣਗੇ।

**ਆਇਤ** 17. ਉਨ੍ਹਾਂ ਨੂੰ ਜਿਨ੍ਹਾਂ ਨੇ ਉਸ ਨੂੰ ਲਿਖਿਆ ਸੀ ਰਾਜੇ ਦਾ ਜਵਾਬ: **ਰਹੂਮ, ਸ਼ਿਮਸ਼ਈ ਅਤੇ ਉਨ੍ਹਾਂ ਦੇ ਬਾਕੀ ਸਾਥੀਆਂ** ਨੂੰ ਸੰਬੋਧਨ ਨਾਲ ਸ਼ੁਰੂ ਹੋਇਆ। ਇਸ ਵਿਚ ਆਮ ਸਲਾਮ ਦੁਆ ਲਈ ਵਰਤਿਆ ਗਿਆ **ਸਲਾਮ** ਵੀ ਸ਼ਾਮਿਲ ਸੀ।

**ਆਇਤ** 18. ਫਿਰ ਰਾਜੇ ਨੇ ਇਹ ਮੰਨਿਆ ਕਿ ਉਨ੍ਹਾਂ ਦੀ ਚਿੱਠੀ ਉਹਦੇ **ਸਨਮੁਖ ਸਾਫ ਸਾਫ ਪੜ੍ਹੀ ਗਈ**। ਇਹ ਚਿੱਠੀ ਅਰਾਮੀ ਤੋਂ ਫ਼ਾਰਸੀ ਭਾਸ਼ਾ ਵਿਚ ਅਨੁਵਾਦ ਕੀਤੀ ਗਈ ਸੀ ਤਾਂ ਜੋ ਰਾਜੇ ਨੂੰ ਚੰਗੀ ਤਰ੍ਹਾਂ ਸਮਝ ਆ ਸਕੇ।

**ਆਇਤਾਂ** 19, 20. ਰਹੂਮ, ਸ਼ਿਮਸ਼ਈ ਅਤੇ ਉਨ੍ਹਾਂ ਦੇ ਸਾਥੀਆਂ ਦੀ ਸਲਾਹ ਤੇ **ਪੜਤਾਲ ਹੋਈ ਤੇ ਪਤਾ ਲੱਗਾ** ਭਈ ਅਸਲ ਵਿਚ ਯਰੂਸ਼ਲਮ ਵਿਚ **ਦੰਗਾ ਫਸਾਦ ਹੁੰਦਾ ਰਿਹਾ** ਸੀ। ਚਿੱਠੀ ਵਿਚ ਇਹ ਤਸਦੀਕ ਕੀਤੀ ਗਈ ਕਿ **ਬਲਵੰਤ ਰਾਜੇ** ਇਸ ਸ਼ਹਿਰ ਵਿਚ ਹਕੂਮਤ ਕਰਦੇ ਰਹੇ ਸਨ, ਜਿਨ੍ਹਾਂ ਦੀ ਹਕੂਮਤ ਪੂਰੇ ਇਲਾਕੇ ਉੱਤੇ ਹੁੰਦੀ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇਸ਼ਾਂ ਤੋਂ ਮਾਮਲਾ ਮਿਲਦਾ ਰਿਹਾ ਹੈ

ਜਿਹੜਾ ਹੁਣ ਫ਼ਾਰਸ ਨੂੰ ਮਿਲ ਰਿਹਾ ਸੀ।

ਫ਼ਾਰਸੀਆਂ ਨੇ ਇਸਰਾਏਲ ਦੇ ਰਾਜ ਦੀ ਪੁਰਾਣੀ ਸ਼ਾਨ ਦੀ ਤਸਦੀਕ ਕੀਤੀ। ਯਹੂਦੀ ਪਾਠਕਾਂ ਲਈ ਇਹ ਦਾਊਦ ਅਤੇ ਸੁਲੇਮਾਨ ਦੀ ਹਕੂਮਤ ਦੀ ਕੌੜੀ ਮਿੱਠੀ ਯਾਦ ਰਹੀ ਹੋਵੇਗੀ। ਮਿੱਠੀ ਇਸ ਦੀ ਮਹਾਨਤਾ ਦੇ ਕਾਰਣ ਅਤੇ ਕੌੜੀ ਇਸ ਦੀ ਮਹਾਨਤਾ ਦੇ ਖੁੱਸ ਜਾਣ ਕਰਕੇ।

**ਆਇਤ 21.** ਇਸ ਤੋਂ ਬਾਅਦ ਰਾਜੇ ਨੇ **ਜਦ ਤਾਂਈ** ਉਸ **ਵੱਲੋਂ** ਆਗਿਆ ਨਾ ਮਿਲੇ **ਕੰਮ ਬੰਦ ਕਰਨ** ਦਾ ਹੁਕਮ ਜਾਰੀ ਕੀਤਾ। ਇਸ ਵਿਚ ਹੁਕਮਨਾਮੇ ਦੀ ਸ਼ਬਦਾਵਲੀ ਯਕੀਨਨ ਰੱਬੀ ਇੰਤਜ਼ਾਮ ਸੀ। ਫ਼ਾਰਸੀ ਰਾਜੇ ਦੇ ਹੁਕਮਾਂ ਨੂੰ ਬਦਲਿਆਂ ਨਹੀਂ ਜਾ ਸਕਦਾ ਸੀ (ਅਸਤਰ 1:19; 8:8; ਬਿਵਸਥਾ ਸਾਰ 6:8, 12, 15); ਪਰ ਖ਼ੁਦਾ ਦੇ ਰੱਬੀ ਇੰਤਜ਼ਾਮ ਵਿਚ, ਅਰਤਹਸ਼ਸ਼ਤਾ ਨੇ ਬਾਅਦ ਵਿਚ ਲਏ ਜਾਣ ਵਾਲੇ ਫ਼ੈਸਲੇ ਲਈ ਗੁੰਜਾਇਸ਼ ਦਿੱਤੀ ਇਸ ਕਰਕੇ ਯਹੂਦੀਆਂ ਨੂੰ ਆਪਣਾ ਕੰਮ ਕਰਦੇ ਰਹਿਣ ਦੀ ਇਜਾਜ਼ਤ ਮਿਲਣੀ ਸੀ।

**ਆਇਤ 22.** ਇਹ ਯਕੀਨੀ ਬਣਾਉਣ ਲਈ ਕਿ ਉਸ ਦਾ ਹੁਕਮ ਅਮਲ ਵਿਚ ਲਿਆਇਆ ਜਾਵੇ ਰਾਜੇ ਨੇ ਦੇਸ ਦੇ ਲੋਕਾਂ ਨੂੰ ਕੰਮ ਕਰਨ ਲਈ ਆਖ ਕੇ ਚਿੱਠੀ ਖ਼ਤਮ ਕੀਤੀ: **ਚੌਕਸ ਹੋਵੋ ਇਸ ਵਿੱਚ ਢਿਲ ਨਾ ਕਰਿਓ - ਰਾਜਿਆਂ ਦੀ ਹਾਨੀ ਲਈ ਬੁਰਿਆਈ ਕਿਉਂ ਵੱਧ?**

**ਆਇਤ 23.** ਜਿਨ੍ਹਾਂ ਨੂੰ ਰਾਜੇ ਦਾ ਜਵਾਬ ਮਿਲਿਆ ਉਹ ਉਸ ਦੀ ਬੇਨਤੀ ਦੇ ਮੁਤਾਬਕ ਕਰਨ ਲਈ ਖੁਸ਼ ਸਨ। ਆਪਣੇ ਨਾਲ ਹਥਿਆਰਬੰਦ ਫ਼ੌਜ ਲੈ ਕੇ **ਓਹ ਛੇਤੀ ਯਰੂਸ਼ਲਮ ਨੂੰ ਗਏ** (ਬੇਸ਼ੱਕ ਫ਼ਾਰਸੀ ਸਿਪਾਹੀਆਂ ਵਾਲੀ) ਅਤੇ **ਯਹੂਦੀਆਂ** ਤੋਂ ਕੰਮ ਬੰਦ ਕਰਵਾ ਦਿੱਤਾ। ਅਰਤਹਸ਼ਸ਼ਤਾ ਨੇ ਭਾਵੇਂ ਯਹੂਦੀਆਂ ਨੂੰ ਉਨ੍ਹਾਂ ਕੰਧਾਂ ਨੂੰ ਢਾਹੁਣ ਦਾ ਹੁਕਮ ਨਹੀਂ ਦਿੱਤਾ ਸੀ ਜਿਹੜੀਆਂ ਉਨ੍ਹਾਂ ਨੇ ਬਣਾ ਲਈਆਂ ਸਨ, ਪਰ ਇਉਂ ਲਗਦਾ ਹੈ ਕਿ ਉਨ੍ਹਾਂ ਨੇ ਢਾਹ ਦਿੱਤੀਆਂ ਸਨ।

## ਕੋਰਸ ਦੀ ਹਕੂਮਤ ਦੌਰਾਨ ਵਿਰੋਧ ਦਾ ਨਤੀਜਾ: ਹੈਕਲ ਦਾ ਕੰਮ ਬੰਦ ਹੋ ਜਾਂਦਾ ਹੈ (4:24)

**24 ਤਦ ਪਰਮੇਸ਼ੁਰ ਦੇ ਭਵਨ ਦਾ ਜੋ ਯਰੂਸ਼ਲਮ ਵਿੱਚ ਸੀ ਕੰਮ ਠਲ੍ਹਿਆ ਗਿਆ ਅਤੇ ਫ਼ਾਰਸ ਦੇ ਪਾਤਸ਼ਾਹ ਦਾਰਾ ਦੇ ਰਾਜ ਦੇ ਦੂਜੇ ਵਰਹੇ ਤਾਈਂ ਠਲ੍ਹਿਆ ਰਿਹਾ।**

ਅਧਿਆਇ 4 ਦੀ ਆਖ਼ਰੀ ਆਇਤ 535 ਈ.ਪੂ. ਦੇ ਕਰੀਬ ਕਹਾਣੀ ਨੂੰ ਫੇਰ ਤੋਂ ਅੱਗੇ ਤੋਰਦੀ ਹੈ ਜਿੱਥੇ ਆਇਤ 5 ਵਿਚ ਛੁੱਟੀ ਸੀ।

**ਆਇਤ 24.** ਇਸ ਮੌਕੇ ਤੇ ਖ਼ੁਦਾ ਦੇ ਦੁਸ਼ਮਣਾਂ ਨੇ ਆਪਣੀ ਮਰਜ਼ੀ ਕੀਤੀ। ਜਿਸ ਕਰਕੇ **ਪਰਮੇਸ਼ੁਰ ਦੇ ਭਵਨ ਦਾ ਜੋ ਯਰੂਸ਼ਲਮ ਵਿੱਚ ਸੀ ਕੰਮ ਠਲ੍ਹਿਆ ਗਿਆ**। ਅਗਲੇ ਪੰਦਰਾਂ ਸਾਲਾਂ ਤਕ ਦਾਰਾ ਪਹਿਲੇ **ਦੇ ਰਾਜ ਦੇ ਦੂਜੇ** ਵਰ੍ਹੇ **ਤਾਂਈਂ** (520 ਈ.ਪੂ. ਦੇ ਨੇੜੇ ਤੇੜੇ) ਬਣਾਈ ਗਈ ਹੈਕਲ ਦੀ ਸਿਰਫ਼ ਨੀਂਹ ਹੀ ਸੀ। ਇਸ ਸਮੇਂ ਹੱਜਈ ਅਤੇ ਜ਼ਕਰਯਾਹ ਨਬੀ ਵਾਪਸ ਜਾ ਕੇ ਯਹੂਦੀਆਂ ਨੂੰ ਕੰਮ ਕਰਨ ਲਈ ਦਲੇਰ ਕਰਨ ਲਈ ਉੱਠੇ। ਕਹਾਣੀ ਵਿਚ ਅਗਲੇ ਅਧਿਆਇ ਦਾ ਵਿਸ਼ਾ ਇਹੀ ਹੈ।

## ਪ੍ਰਾਸੰਗਿਕਤਾ

**ਜਦ ਮਸੀਹੀ ਲੋਕਾਂ ਨੂੰ ਵਿਰੋਧ ਝੱਲਣਾ ਪੈਂਦਾ ਹੈ (ਅਧਿਆਇ 4)**

ਮੇਰੀ ਮਾਂ ਅਕਸਰ ਆਖਦੀ ਹੁੰਦੀ ਸੀ, ''ਕੋਈ ਵੀ ਚੰਗਾ ਕੰਮ ਜੋ ਕਰਨ ਦੇ ਯੋਗ ਹੋਵੇ ਕਰ ਲੈਣਾ ਚਾਹੀਦਾ ਹੈ।'' ਇਹ ਕਹਿਣਾ ਵੀ ਸਹੀ ਹੈ, ''ਕੋਈ ਵੀ ਚੰਗਾ ਕੰਮ ਕਰੋ ਉਸਦਾ ਵਿਰੋਧ ਹੋਣਾ

ਹੀ ਹੈ।'' ਤੁਸੀਂ ਅਜ਼ਮਾ ਕੇ ਵੇਖ ਸਕਦੇ ਹੋ। ਕੋਈ ਚੰਗਾ, ਕੋਈ ਵੀ ਸਹੀ ਕੰਮ ਕਰਨਾ ਸ਼ੁਰੂ ਕਰ ਦਿਓ, ਤਾਂ ਜੋ ਕੁਝ ਤੁਸੀਂ ਕਰ ਰਹੇ ਹੁੰਦੇ ਹੋ ਉਸ ਦਾ ਵਿਰੋਧ ਕਰਨ ਲਈ ਕੋਈ ਨਾ ਕੋਈ ਆ ਹੀ ਜਾਵੇਗਾ।

ਖ਼ੁਦਾ ਦੇ ਕੰਮ ਵਿਚ ਸ਼ੁਰੂ ਤੋਂ ਇਸੇ ਤਰ੍ਹਾਂ ਰਿਹਾ ਹੈ। ਕਲੀਸੀਆ ਦੀ ਸ਼ੁਰੂਆਤ ਦੇ ਬਾਅਦ ਤੋਂ, ਖ਼ੁਦਾ ਦੇ ਲੋਕਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ (ਵੇਖੋ ਕਰਤੱਬ 4; 5)। ਪਰਕਾਸ਼ ਦੀ ਪੋਥੀ ਮੁੱਖ ਤੌਰ ਤੇ ਖ਼ੁਦਾ ਦੀ ਯੋਜਨਾ ਅਤੇ ਖ਼ੁਦਾ ਦੇ ਲੋਕਾਂ ਦੇ ਸ਼ਤਾਨ ਵੱਲੋਂ ਵਿਰੋਧ ਕੀਤੇ ਜਾਣ ਬਾਰੇ ਹੈ। ਨਵਾਂ ਨੇਮ ਤਾਂ ਸਾਨੂੰ ਇੱਥੋਂ ਤਕ ਯਕੀਨ ਦੁਆਉਂਦਾ ਹੈ ਕਿ ਮਸੀਹੀ ਹੋਣ ਕਰਕੇ ਸਾਨੂੰ ਭਗਤੀ ਭਰੀ ਜ਼ਿੰਦਗੀ ਲਈ ਸਤਾਅ ਝੱਲਣਾ ਪਵੇਗਾ (2 ਤਿਮੋਥਿਉਸ 3:12) ਅਤੇ ਸਤਾਅ ਇਸ ਗੱਲ ਦੀ ਪੱਕੀ ਨਿਸ਼ਾਨੀ ਹੈ ਕਿ ਅਸੀਂ ਸ਼ਤਾਨ ਦਾ ਵਿਰੋਧ ਝੱਲ ਰਹੇ ਹਾਂ।

ਐਤਕੀਂ ਅਤੇ ਇਸ ਤੋਂ ਅਗਲੇ ਦਹਾਕਿਆਂ ਵਿਚ ਯਹੂਦੀਆਂ ਨੂੰ ਵੀ ਵਿਰੋਧ ਝੱਲਣਾ ਪੈਣਾ ਸੀ। ਉਹੀ ਵਿਰੋਧ ਅਜ਼ਰਾ 4 ਦਾ ਵਿਸ਼ਾ ਹੈ। ਪਹਿਲਾਂ ਤਾਂ ਅਧਿਆਇ ਦੱਸਦਾ ਹੈ ਕਿ ਕਿਵੇਂ ਯਹੂਦੀਆਂ ਦੇ ਦੁਸ਼ਮਣਾਂ ਨੇ ਕੰਮ ਵਿਚ ਮਦਦ ਦੀ ਪੇਸ਼ਕਸ਼ ਕੀਤੀ। ਜਦ ਯਹੂਦੀ ਆਗੂਆਂ ਵੱਲੋਂ ਉਨ੍ਹਾਂ ਨੂੰ ਜਵਾਬ ਦੇ ਦਿੱਤਾ ਗਿਆ ਤਾਂ ਉਨ੍ਹਾਂ ਨੇ ਐਨੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਦਾ ਵਿਰੋਧ ਕੀਤਾ ਕਿ ਯਹੂਦੀਆਂ ਨੂੰ 520 ਈ.ਪੂ. ਦੇ ਕਰੀਬ, ਦਾਰਾ ਦੀ ਹਕੂਮਤ ਤਕ ਹੈਕਲ ਦਾ ਕੰਮ ਬੰਦ ਕਰਨਾ ਪਿਆ (4:1–5, 24)। ਫਿਰ ਇਹ ਪੰਜਾਹ ਕੁ ਸਾਲਾਂ ਦੇ ਬਾਅਦ ਇਕ ਹੋਰ ਮੌਕੇ ਦੀ ਗੱਲ ਦੱਸਦਾ ਹੈ, ਜਦ ਦੁਸ਼ਮਣਾਂ ਨੇ ਯਹੂਦੀਆਂ ਉੱਤੇ ਇਲਜ਼ਾਮ ਲਾਉਂਦੇ ਹੋਏ ਅਰਤਹਸ਼ਸ਼ਤਾ ਨੂੰ ਇਕ ਚਿੱਠੀ ਲਿਖੀ। ਭਾਵੇਂ ਲੇਖਕ ਸਾਨੂੰ ਇਹ ਨਹੀਂ ਦੱਸਦਾ ਕਿ ਉਸ ਚਿੱਠੀ ਦਾ ਕੀ ਬਣਿਆ (4:6)। ਤੀਜਾ, ਇਹ ਤੀਹ–ਚਾਲੀ ਸਾਲਾਂ ਬਾਅਦ ਦੇ ਇਕ ਦੋ ਮੌਕਿਆਂ ਦਾ ਵਰਣਨ ਕਰਦਾ ਹੈ ਜਦ ਦੇਸ਼ ਦੇ ਲੋਕਾਂ ਦੇ ਆਗੂਆਂ ਭਾਵ ਯਹੂਦੀਆਂ ਦੇ ਨੇੜੇ ਰਹਿਣ ਵਾਲੇ ਗੈਰ–ਇਸਰਾਏਲੀਆਂ ਨੇ ਅਰਤਹਸ਼ਸ਼ਤਾ ਨੂੰ ਇਹ ਸ਼ਿਕਾਇਤ ਲਿਖੀ ਕਿ ਯਹੂਦੀ ਲੋਕ ਯਰੂਸ਼ਲਮ ਦੀ ਸ਼ਹਿਰਪਨਾਹ ਫੇਰ ਤੋਂ ਬਣਾ ਰਹੇ ਹਨ। ਨਤੀਜਾ ਇਹ ਹੋਇਆ ਕਿ ਯਹੂਦੀਆਂ ਨੂੰ ਆਪਣਾ ਕੰਮ ਬੰਦ ਕਰਨ ਲਈ ਮਜਬੂਰ ਹੋਣਾ ਪਿਆ (4:7–23)।

ਅਧਿਆਇ 3 ਵਿਚ ਹੈਕਲ ਦਾ ਨੀਂਹ ਪੱਥਰ ਰੱਖੇ ਜਾਣ ਦੀ ਖੁਸ਼ਖ਼ਬਰੀ ਤੋਂ ਬਾਅਦ ਅਧਿਆਇ 4 ਵਿਚ ਬੁਰੀ ਖ਼ਬਰ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਯਹੂਦੀਆਂ ਦੇ ਯਹੋਵਾਹ ਦਾ ਕੰਮ ਕਰਨ ਦੀ ਕੋਸ਼ਿਸ਼ ਕਰਨ ਤੇ ਬਾਰ–ਬਾਰ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਫਿਰ ਵੀ, ਕਿਉਂ ਜੋ ਸਾਨੂੰ ਵੀ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ, ਅਸੀਂ ਇਸ ਅਧਿਆਇ ਤੋਂ ਕੁਝ ਗੱਲਾਂ ਸਿੱਖ ਸਕਦੇ ਹਾਂ।

ਵਿਰੋਧ ਦੇ ਇਨ੍ਹਾਂ ਮੌਕਿਆਂ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

*ਵਿਰੋਧ ਲਾਜ਼ਮੀ ਹੈ।* ਸਭ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਖ਼ੁਦਾ ਦੇ ਕੰਮ ਦਾ ਵਿਰੋਧ ਹੋਵੇਗਾ ਹੀ ਹੋਵੇਗਾ। ਸ਼ਤਾਨ ਕਿਸੇ ਵੀ ਕੰਮ ਲਈ ਜਿਹੜਾ ਚੰਗਾ ਹੋਵੇ, ਵਿਰੋਧ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭ ਹੀ ਲਵੇਗਾ। ਯਿਸੂ ਨੇ ਸੰਕੇਤ ਦਿੱਤਾ ਕਿ ਮਸੀਹੀ ਲੋਕਾਂ ਨੂੰ ਸਤਾਏ ਜਾਣ ਦੀ ਉਮੀਦ ਕਰਨੀ ਚਾਹੀਦੀ ਹੈ ਜਦ ਉਸ ਨੇ ਆਖਿਆ, ''ਧੰਨ ਉਹ ਜਿਹੜੇ ਧਰਮ ਦੇ ਕਾਰਣ ਸਤਾਏ ਗਏ ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ'' (ਮੱਤੀ 5:10; ਵੇਖੋ 5:11, 12; 10:16–28)।

*ਵਿਰੋਧ ਦੇ ਨਤੀਜੇ।* ਸਾਨੂੰ ਇਹ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਵਿਰੋਧ ਨਾਲ ਖ਼ੁਦਾ ਦੇ ਕੰਮ ਨੂੰ ਰੋਕਿਆ ਜਾ ਸਕਦਾ ਹੈ। ਇੱਥੇ ਵਿਰੋਧ ਨਾਲ ਪੰਦਰਾਂ ਸੋਲਾਂ ਸਾਲਾਂ ਤਕ ਹੈਕਲ ਦੇ ਬਣਾਏ ਜਾਣ ਦਾ ਕੰਮ ਰੁਕਿਆ ਰਿਹਾ। ਅਸਾਂ ਸਭ ਨੇ ਉਨ੍ਹਾਂ ਵੱਡੀਆਂ–ਵੱਡੀਆਂ ਯੋਜਨਾਵਾਂ ਬਾਰੇ ਸੁਣਿਆ ਹੈ ਜਿਹੜੀਆਂ ਖ਼ੁਦਾ ਲਈ ਬਣਾਈਆਂ ਗਈਆਂ ਸਨ, ਪਰ ਬਾਅਦ ਵਿਚ ਉਨ੍ਹਾਂ ਨੂੰ ਛੱਡਣਾ ਪਿਆ। ਇਕ ਚਰਚ ਬਿਲਡਿੰਗ ਦੀ ਲੋੜ ਤਾਂ ਸੀ ਪਰ ਬਣੀ ਨਹੀਂ; ਕਲੀਸੀਆ ਦੇ ਵਾਧੇ ਵਿਚ ਮਦਦ ਲਈ ਸਿੱਖਿਆ ਦੇਣ ਦਾ ਪ੍ਰੋਗਰਾਮ ਬਣਾਇਆ ਗਿਆ ਪਰ ਉਸ ਨੂੰ ਛੱਡਣਾ ਪਿਆ; ਗੁਆਚੇ ਹੋਇਆਂ ਤਕ ਪਹੁੰਚ ਦੇ ਉਪਰਾਲੇ ਨੂੰ ਲੋਕਾਂ ਵੱਲੋਂ ਆਪਣਾ ਸਮਾਂ ਦੇ ਕੇ ਸਮਰਥਣ ਨਾ ਮਿਲਣ ਤੇ ਉਸ ਨੂੰ ਛੱਡਣਾ ਪਿਆ।

1960 ਦੇ ਸ਼ੁਰੂ ਵਿਚ, ਮੇਰਾ ਪਰਿਵਾਰ ਵੇਬਰਨ, ਸਸਕੈਚਵਨ, ਕਨੇਡਾ ਵਿਚ ਰਹਿੰਦਾ ਸੀ। ਸਾਥੋਂ ਸੱਠ ਕੁ ਮੀਲ ਦੱਖਣ ਵੱਲ ਨੂੰ ਇਕ ਛੋਟੀ ਜਿਹੀ ਪਰ ਖ਼ੂਬਸੂਰਤ ਚਰਚ ਬਿਲਡਿੰਗ ਸੀ, ਜਿਸ ਉੱਤੇ ''ਚਰਚ ਆਫ਼ ਕ੍ਰਾਈਸਟ'' ਦਾ ਬੋਰਡ ਲੱਗਾ ਹੋਇਆ ਸੀ। ਪਰ ਉੱਥੇ ਕੋਈ ਕਲੀਸੀਆ ਇਕੱਠੀ ਨਹੀਂ ਹੁੰਦੀ ਸੀ। ਪਹਿਲਾਂ ਪਹਿਲ ਇਕ ਛੋਟੀ ਜਿਹੀ ਕਲੀਸੀਆ ਉੱਥੇ ਇਕੱਠੀ ਹੁੰਦੀ ਹੁੰਦੀ ਸੀ; ਦੱਖਣ ਦੀ ਕਿਸੇ ਮੰਡਲੀ ਨੇ ਉਨ੍ਹਾਂ ਨੂੰ ਉਹ ਬਿਲਡਿੰਗ ਖਰੀਦਣ ਜਾਂ ਬਣਾਉਣ ਵਿਚ ਮਦਦ ਕੀਤੀ। ਕੋਈ ਗੱਲ ਹੋਈ ਅਤੇ ਉਸ ਤੋਂ ਬਾਅਦ ਕਲੀਸੀਆ ਨੇ ਉੱਥੇ ਬੰਦਗੀ ਕਰਨੀ ਛੱਡ ਦਿੱਤੀ।

ਇੱਥੇ ਦੱਸੇ ਗਏ ਹਰ ਨਾਕਾਮ ਉਪਰਾਲੇ ਦਾ ਕਾਰਣ ਹੋ ਸਕਦਾ ਹੈ ਕਿ ਸਰਗਰਮ ਵਿਰੋਧ ਨਾ ਹੋਵੇ। ਪਰ ਹਰ ਮਾਮਲੇ ਵਿਚ ਨਤੀਜਾ ਉਹੀ ਸੀ ਜੋ ਹੈਕਲ ਦੇ ਬਣਾਏ ਜਾਣ ਵਿਚ ਹੋਇਆ ਕਿ ਖ਼ੁਦਾ ਦਾ ਕੰਮ ਰੁਕ ਗਿਆ ਜਾਂ ਅਧੂਰਾ ਰਿਹਾ।

*ਵਿਰੋਧ ਸਫ਼ਲ ਕਿਵੇਂ ਹੁੰਦਾ ਹੈ।* ਇਸ ਤੋਂ ਇਲਾਵਾ ਅਸੀਂ ਇਹ ਵੀ ਜਾਣ ਸਕਦੇ ਹਾਂ ਕਿ ਖ਼ੁਦਾ ਦੇ ਕੰਮ ਨੂੰ ਵਿਰੋਧ ਰੋਕ ਕਿਵੇਂ ਸਕਦਾ ਹੈ। ਹੈਕਲ ਦੇ ਬਣਾਏ ਜਾਣ ਦਾ ਕੰਮ ਰੁਕ ਗਿਆ ਕਿਉਂ ਜੋ ਯਹੂਦੀ ਲੋਕ ਉਨ੍ਹਾਂ ਦੇ ਵਿਰੋਧ ਤੋਂ ''ਢਿੱਲੇ'' ਪੈ ਗਏ ਅਤੇ ''ਡਰ ਗਏ'' ਸਨ (4:4, 5)। ਡਰ ਅਤੇ ਨਿਰਾਸ਼ਾ ਉਹ ਦੋ ਕਾਰਕ ਹਨ ਜਿਹੜੇ ਸਾਨੂੰ ਖ਼ੁਦਾ ਦਾ ਕੰਮ ਕਰਨ ਤੋਂ ਰੋਕ ਸਕਦੇ ਹਨ।

1. ਡਰ ਸਾਨੂੰ ਉਹ ਕੰਮ ਪੂਰੇ ਕਰਨ ਤੋਂ ਰੋਕ ਸਕਦਾ ਹੈ ਜਿਹੜੇ ਖ਼ੁਦਾ ਨੇ ਸਾਨੂੰ ਕਰਨ ਲਈ ਦਿੱਤੇ ਹਨ। ਉਦਾਹਰਣ ਲਈ ਜੇ ਅਸੀਂ ਉੱਥੇ ਰਹਿੰਦੇ ਹੋਈਏ ਜਿੱਥੇ ਮਸੀਹੀ ਹੋਣਾ ਗੈਰ ਕਾਨੂੰਨੀ ਹੋਵੇ, ਤਾਂ ਡਰਨਾ ਆਸਾਨ ਹੋਵੇਗਾ। ਨਤੀਜਾ ਇਹ ਹੋ ਸਕਦਾ ਹੈ ਕਿ ਅਸੀਂ ਖ਼ੁਦਾ ਦੇ ਕੰਮ ਕਰਨਾ ਬੰਦ ਕਰ ਦਈਏ। ਸਾਨੂੰ ਹੋਰ ਤਰ੍ਹਾਂ ਦੇ ਡਰ ਵੀ ਪ੍ਰਭਾਵਿਤ ਕਰ ਸਕਦੇ ਹਨ। ਸਾਨੂੰ ਇਹ ਡਰ ਲਗ ਸਕਦਾ ਹੈ ਕਿ ਜੇ ਅਸੀਂ ਅਜਿਹੀ ਸਿੱਖਿਆ ਦਾ ਪ੍ਰਚਾਰ ਕਰੀਏ ਜਿਹੜੀ ਲੋਕਾਂ ਵਿਚ ਮਸ਼ਹੂਰ ਨਹੀਂ ਹੈ ਤਾਂ ਅਜੀਬ ਲੱਗੇਗਾ ਅਤੇ ਇਹ ਡਰ ਸਾਨੂੰ ਉਹ ਕਰਨ ਤੋਂ ਰੋਕ ਸਕਦਾ ਹੈ ਜੋ ਖ਼ੁਦਾ ਸਾਥੋਂ ਕਰਵਾਉਣਾ ਚਾਹੁੰਦਾ ਹੈ। ਅਸੀਂ ਯਹੂਦੀਆਂ ਦੇ ਕੁਝ ਹਾਕਮਾਂ ਵਰਗੇ ਹੋ ਸਕਦੇ ਹਾਂ ਜਿਹੜੇ ਯਿਸੂ ਵਿਚ ਵਿਸ਼ਵਾਸ ਤਾਂ ਕਰਦੇ ਸਨ ਪਰ ਉਸ ਦਾ ਇਕਰਾਰ ਨਹੀਂ ਕਰਦੇ ਸਨ ਕਿਉਂ ਜੋ ਉਹ ਡਰਦੇ ਸਨ ਕਿ ਲੋਕ ਉਨ੍ਹਾਂ ਨੂੰ ਸਿਨਾਗੋਗ ਵਿੱਚੋਂ ਕੱਢ ਨਾ ਦੇਣ (ਯੂਹੰਨਾ 12:42, 43)। ਆਪਣੀ ਸਭ ਤੋਂ ਪਿਆਰੀ ਚੀਜ਼ ਜਿਵੇਂ ਪਰਿਵਾਰ, ਘਰ, ਸਾਡੇ ਦੋਸਤ, ਸਾਡੀਆਂ ਚੀਜ਼ਾਂ, ਸਾਡੀਆਂ ਜ਼ਿੰਦਗੀਆਂ ਨੂੰ ਗੁਆ ਬੈਠਣ ਦਾ ਡਰ ਸਾਨੂੰ ਪੂਰੀ ਤਰ੍ਹਾਂ ਨਾਲ ਮਸੀਹ ਨੂੰ ਆਪਣਾ ਆਪ ਦੇਣ ਤੋਂ ਰੋਕ ਸਕਦਾ ਹੈ (ਵੇਖੋ ਮੱਤੀ 16:24, 25; ਲੂਕਾ 14:26–33)। ਡਰ ਕਰਕੇ ਹੀ ਇਕ ਤੋੜੇ ਵਾਲੇ ਸੇਵਕ ਨੇ ਆਪਣੇ ਤੋੜੇ ਨੂੰ ਜ਼ਮੀਨ ਵਿਚ ਦੱਬ ਦਿੱਤਾ ਅਤੇ ਉਸ ਦੇ ਕੋਈ ਕੰਮ ਨਾ ਕਰਨ ਕਰਕੇ ਉਸ ਨੂੰ ਸਜ਼ਾ ਮਿਲੀ (ਮੱਤੀ 25:24–30)। ਡਰ ਨੇ ਇਸਰਾਏਲੀਆਂ ਨੂੰ ਵਾਅਦੇ ਦੀ ਧਰਤੀ ਵਿਚ ਵੜਨ ਤੋਂ ਰੋਕ ਰੱਖਿਆ ਅਤੇ ਪੂਰੀ ਦੀ ਪੂਰੀ ਮੰਡਲੀ ਆਪਣੇ ਮਰਨ ਤਕ ਉਜਾੜ ਵਿਚ ਭਾਉਂਦੀ ਫਿਰਦੀ ਰਹੀ (ਗਿਣਤੀ 14:35)!

ਸਭ ਤੋਂ ਵੱਧ, ਨਾਕਾਮ ਹੋਣ ਦਾ ਡਰ ਆਮ ਤੌਰ ਤੇ ਸਾਨੂੰ ਪ੍ਰਭੂ ਲਈ ਵੱਡੇ ਕੰਮ ਕਰਨ ਤੋਂ ਰੋਕਦਾ ਹੈ। ''ਜੇ ਇਹ ਪ੍ਰੋਜੈਕਟ ਸਿਰੇ ਨਾ ਚੜ੍ਹਿਆ? ਜੇ ਮੈਂ ਨਾਕਾਮ ਹੋ ਗਿਆ?'' ਇਹ ਗੱਲਾਂ ਹਨ ਜਿਹੜੀਆਂ ਸਾਨੂੰ ਆਮ ਤੌਰ ਤੇ ਖ਼ੁਦਾ ਦੇ ਕੰਮ ਨੂੰ ਸ਼ੁਰੂ ਕਰਨ ਜਾਂ ਕਰਦੇ ਰਹਿਣ ਤੋਂ ਰੋਕਦੀਆਂ ਹਨ।

ਉਸ ਡਰ ਨੂੰ ਦੂਰ ਕਰਨ ਲਈ ਜਿਹੜਾ ਸਾਨੂੰ ਆਮ ਤੌਰ ਤੇ ਨਕਾਰਾ ਕਰ ਦਿੰਦਾ ਹੈ, ਸਾਨੂੰ ਕਿਸ ਚੀਜ਼ ਦੀ ਲੋੜ ਹੈ? ਸਾਨੂੰ ਵਿਸ਼ਵਾਸ ਦੀ ਲੋੜ ਹੈ (ਮੱਤੀ 8:26)! ਇਹ ਵਿਸ਼ਵਾਸ ਕਰਦੇ ਹੋਏ ਕਿ ''ਪਰਮੇਸ਼ੁਰ ਤੋਂ ਸੱਭੋ ਕੁਝ ਹੋ ਸਕਦਾ ਹੈ'' (ਮੱਤੀ 19:26) ਅਤੇ ''ਸਾਡੇ ਨਾਲ ਦੇ ਉਨ੍ਹਾਂ ਦੇ ਨਾਲ ਦੇ ਨਾਲ ਦਿਆਂ ਨਾਲੋਂ ਬਾਹਲੇ ਹਨ'' (2 ਰਾਜਿਆਂ 6:16), ਸਾਨੂੰ ਇਹ ਯਕੀਨ ਕਰਨ ਦੀ ਲੋੜ ਹੈ ਕਿ ''ਜਦੋਂ ਪਰਮੇਸ਼ੁਰ ਸਾਡੀ ਵੱਲ ਹੈ'' ਤਾਂ ਸਾਡੇ ਖ਼ਿਲਾਫ਼ ਕੌਣ ਟਿਕ ਸਕਦਾ ਹੈ (ਰੋਮੀਆਂ 8:31–39)। ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਖ਼ੁਦਾ ''ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ

ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸੱਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਪੋਹੰਦੀ ਹੈ'' (ਅਫ਼ਸੀਆਂ 3:20)। ਅਸਲ ਵਿਚ ਅਸੀਂ ''ਉਹ ਦੇ ਵਿਚ ਜੋ'' ਸਾਨੂੰ ''ਬਲ ਦਿੰਦਾ ਹੈ ਸਭੋ ਕੁਝ ਕਰ'' ਸਕਦੇ ਹਾਂ (ਫ਼ਿਲਿੱਪੀਆਂ 4:13)। ਜੇ ਅਸੀਂ ਖ਼ੁਦਾ ਉੱਤੇ ਅਤੇ ਉਸ ਦੀ ਸ਼ਕਤੀ ਉੱਤੇ ਧਿਆਨ ਟਿਕਾਈ ਰੱਖੀਏ ਤਾਂ ਵਿਰੋਧ ਨਾਲ ਪੈਦਾ ਹੋਇਆ ਡਰ ਸਾਨੂੰ ਉਹਦੇ ਲਈ ਕੰਮ ਕਰਨ ਵਿਚ ਹਰਾ ਨਹੀਂ ਸਕਦਾ।

2. ਸ਼ਾਇਦ ਡਰ ਨਾਲੋਂ ਵੀ ਮਾੜੀ ਨਿਰਾਸ਼ਾ ਹੈ। ਜਿੰਨੀ ਵਾਰੀ ਡਰ ਖ਼ੁਦਾ ਦੇ ਕੰਮ ਨੂੰ ਪੂਰਾ ਹੋਣ ਤੋਂ ਰੋਕਦਾ ਹੈ ਨਿਰਾਸ਼ਾ ਸ਼ਾਇਦ ਉਸ ਨਾਲੋਂ ਦਸ ਗੁਣਾ ਵੱਧ ਖ਼ੁਦਾ ਦੇ ਲੋਕਾਂ ਨੂੰ ਰੋਕਦੀ ਹੈ। ਉਦਾਹਰਣ ਲਈ ਕਿਸੇ ਮੰਡਲੀ ਵਿਚ ਮੰਨ ਲਵੋ ਕਿ ਲੋਕਾਂ ਦੇ ਘਰਾਂ ਵਿਚ ਵਿਜ਼ਿਟ ਦਾ ਪ੍ਰੋਗਰਾਮ ਬਣਾਉਣ ਦਾ ਇਕ ਚੰਗਾ ਕੰਮ ਸ਼ੁਰੂ ਹੁੰਦਾ ਹੈ ਅਤੇ ਉਹ ਥੋੜ੍ਹੀ ਦੇਰ ਤਕ ਬੜਾ ਹੀ ਵਧੀਆ ਚੱਲਦਾ ਹੈ। ਪਰ ਹੌਲੀ-ਹੌਲੀ ਦਿਲਚਸਪੀ ਘਟਣ ਲਗਦੀ ਹੈ ਅਤੇ ਵਿਜ਼ਿਟ ਲਈ ਬਹੁਤ ਥੋੜ੍ਹੇ ਲੋਕ ਰਹਿ ਜਾਂਦੇ ਹਨ। ਉਨ੍ਹਾਂ ਥੋੜ੍ਹੇ ਜਿਹਿਆਂ ਨੂੰ ਕੀ ਹੁੰਦਾ ਹੈ? ਉਹ ਨਿਰਾਸ਼ ਹੋ ਜਾਂਦੇ ਹਨ, ਜਾਣਾ ਬੰਦ ਕਰ ਦਿੰਦੇ ਹਨ ਅਤੇ ਕੁਝ ਭਲਾ ਕਰਨ ਦਾ ਬਹੁਤਾ ਫ਼ਾਇਦਾ ਹੋਣ ਤੋਂ ਪਹਿਲਾਂ ਪਹਿਲਾਂ ਉਹ ਪ੍ਰੋਗਰਾਮ ਬੰਦ ਹੋ ਜਾਂਦਾ ਹੈ।

ਖ਼ੁਦਾ ਦੇ ਲੋਕਾਂ ਲਈ ਨਿਰਾਸ਼ਾ ਹਮੇਸ਼ਾ ਹੀ ਇਕ ਵੱਡੀ ਦਿੱਕਤ ਰਹੀ ਹੈ। ਨਿਰਾਸ਼ਾ ਦੀ ਸਭ ਤੋਂ ਵਧੀਆ ਮਿਸਾਲ ਏਲੀਆਹ ਹੈ, ਜਿਸ ਨੂੰ ਕਰਮੇਲ ਪਹਾੜ ਤੇ ਬਾਲ ਦੇ ਨਬੀਆਂ ਉੱਤੇ ਵੱਡੀ ਜ਼ਿੱਤ ਹੋਣ ਤੋਂ ਬਾਅਦ ਪਤਾ ਲੱਗਾ ਕਿ ਉਸ ਨੇ ਖ਼ੁਦਾ ਦੇ ਪ੍ਰਤੀ ਸਰਕਾਰੀ ਨੀਤੀ ਨੂੰ ਬਦਲਣ ਲਈ ਬਿਲਕੁਲ ਪ੍ਰਭਾਵਿਤ ਨਹੀਂ ਕੀਤਾ ਸੀ। ਇਸ ਦੇ ਉਲਟ ਈਜ਼ਬਲ ਰਾਣੀ ਨੇ ਉਹ ਨੂੰ ਮਾਰ ਸੁੱਟਣਾ ਚਾਹਿਆ। ਨਿਰਾਸ਼, ਹੱਤਾਸ਼, ਹਾਰਿਆ ਹੋਇਆ, ਮਰਨ ਨੂੰ ਤਿਆਰ ਏਲੀਆਹ ਭੱਜ ਗਿਆ (1 ਰਾਜਿਆਂ 18; 19)।[16] ਜੇ ਏਲੀਆਹ ਨਿਰਾਸ਼ ਹੋ ਸਕਦਾ ਸੀ ਤਾਂ ਅੱਜ ਖ਼ੁਦਾ ਦਾ ਕੋਈ ਵੀ ਬੰਦਾ ਨਿਰਾਸ਼ ਹੋ ਸਕਦਾ ਹੈ!

ਕਿਉਂ ਜੋ ਖ਼ੁਦਾ ਨੂੰ ਪਤਾ ਸੀ ਕਿ ਅਸੀਂ ਨਿਰਾਸ਼ ਹੋਵਾਂਗੇ, ਇਸ ਕਰਕੇ ਉਸ ਨੇ ਨਵੇਂ ਨੇਮ ਵਿਚ ਬਾਰ-ਬਾਰ ਸਾਨੂੰ ਇਕ ਦੂਜੇ ਨੂੰ ਦਲੇਰ ਕਰਨ ਲਈ ਆਖਿਆ (1 ਥੱਸਲੁਨੀਕੀਆਂ 5:11, 14; ਇਬਰਾਨੀਆਂ 3:12, 13; 10:25)। ਅਸੀਂ ਐਨੇ ਨਿਰਾਸ਼ ਹੋਣ ਤੋਂ ਕਿਵੇਂ ਬਚ ਸਕਦੇ ਹਾਂ ਕਿ ਅਸੀਂ ਹਿੰਮਤ ਨਾ ਹਾਰੀਏ?

ਸਾਨੂੰ ਯਾਦ ਰੱਖਣਾ ਜ਼ਰੂਰੀ ਹੈ ਕਿ ਹਾਲਾਤ ਹਮੇਸ਼ਾ ਉਹ ਨਹੀਂ ਹੁੰਦੇ ਜੋ ਨਜ਼ਰ ਆਉਂਦੇ ਹਨ। ਆਪਣੇ ਸੇਵਕ ਨੂੰ ਅਲੀਸ਼ਾ ਦਾ ਸੰਦੇਸ਼ ਇਹੀ ਸੀ ਜਦ ਉਸ ਨੇ ਆਖਿਆ, ''ਸਾਡੇ ਨਾਲ ਦੇ ਉਨ੍ਹਾਂ ਦੇ ਨਾਲ ਦਿਆਂ ਨਾਲੋਂ ਬਾਹਲੇ ਹਨ'' (2 ਰਾਜਿਆਂ 6:16)। ਹੋ ਸਕਦਾ ਹੈ ਕਿ ਮੈਨੂੰ ਇਹ ਲੱਗੇ ਕਿ ਇਕ ਪ੍ਰਚਾਰਕ ਜਾਂ ਟੀਚਰ ਦੇ ਰੂਪ ਵਿਚ ਮੈਂ ਕੋਈ ਪ੍ਰਾਪਤੀ ਨਹੀਂ ਕਰ ਰਿਹਾ, ਪਰ ਮੈਂ ਅਸਲ ਵਿਚ ਉਹ ਬੀ ਬੀਜ ਰਿਹਾ ਹਾਂ ਜਿਹਦਾ ਫਲ ਸੌ ਗੁਣਾ ਹੋਵੇਗਾ। ਇਹ ਲਗ ਸਕਦਾ ਹੈ ਕਿ ਕੋਈ ਕੋਸ਼ਿਸ਼ ਬੇਕਾਰ ਹੈ, ਪਰ ਸਮਾਂ ਦੱਸੇਗਾ ਕਿ ਅਜਿਹਾ ਨਹੀਂ ਸੀ।

ਸਾਨੂੰ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਅਸੀਂ ਲੌਂਗ-ਟਰਮ ਅਰਥਾਤ ਲੰਮੇ ਸਮੇਂ ਦੇ ਅਧਾਰ ਤੇ ਕੰਮ ਵਿਚ ਲੱਗੇ ਹਾਂ। ਜਦ ਅਸੀਂ ਮਸੀਹੀ ਬਣਦੇ ਹਾਂ ਤਾਂ ਅਸੀਂ ਤਿੰਨ ਜਾਂ ਚਾਰ ਸਾਲਾਂ ਦੇ ਵਕਫ਼ੇ ਲਈ ਨਹੀਂ ਬਲਕਿ ਜ਼ਿੰਦਗੀ ਭਰ ਲਈ ਬਣਦੇ ਹਾਂ! ਸਾਨੂੰ ਸਮਾਂ ਪਾ ਕੇ ਨਤੀਜੇ ਦੀ ਭਾਲ ਕਰਨੀ ਚਾਹੀਦੀ ਹੈ ਨਾ ਕਿ ਫੌਰੀ ਤੌਰ ਤੇ। ਸਾਨੂੰ ਆਪਣੇ ਆਪ ਨੂੰ ਯਾਦ ਕਰਵਾਉਣਾ ਜ਼ਰੂਰੀ ਹੈ ਕਿ ਇਸ ਜ਼ਿੰਦਗੀ ਵਿਚ ਪ੍ਰਭੂ ਦੇ ਲਈ ਕੀਤੇ ਗਏ ਸਾਡੇ ਕੰਮ ਦੇ ਨਤੀਜੇ ਭਾਵੇਂ ਘੱਟ ਹੋਣ ਪਰ ਅਸੀਂ ਉਸ ਦੇ ਸਾਨੂੰ ''ਸ਼ਾਬਾਸ਼'' ਕਹਿਣ ਜਾਂ ''ਉਹਦੇ ਨਾਲ ਹਮੇਸ਼ਾ ਤਕ ਰਹਿਣ'' ਦੀ ਉਮੀਦ ਕਰ ਸਕਦੇ ਹਾਂ (ਮੱਤੀ 25:19-23)।

ਡਰ ਅਤੇ ਨਿਰਾਸ਼ਾ ਨਾਲ ਯਹੂਦਾਹ ਦੇ ਵਿਰੋਧ ਤੇ ਜਿੱਤ ਮਿਲੀ ਜਿਸ ਕਰਕੇ ਹੈਕਲ ਦਾ ਕੰਮ ਬੰਦ ਹੋ ਗਿਆ। ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਗੱਲਾਂ ਮਨੁੱਖੀ ਨਾਕਾਮੀਆਂ ਸਨ। ਹੈਕਲ

ਦਾ ਬਣਾਇਆ ਜਾਣਾ ਰੁਕ ਜਾਣਾ ਇਸ ਕਰਕੇ ਨਹੀਂ ਹੋਇਆ ਕਿ ਦੇਸ਼ ਦੇ ਲੋਕ ਜਾਂ ਫ਼ਾਰਸੀ ਸਰਕਾਰ ਖ਼ੁਦਾ ਦੇ ਲੋਕਾਂ ਨਾਲੋਂ ਤਾਕਤਵਰ ਸਨ ਜਾਂ ਫ਼ਾਰਸੀ ਦੇਵਤੇ ਯਹੋਵਾਹ ਪਰਮੇਸ਼ੁਰ ਨਾਲੋਂ ਵੱਡੇ ਸਨ, ਬਲਕਿ ਇਸ ਕਰਕੇ ਹੋਇਆ ਕਿਉਂ ਜੋ ਲੋਕ ਨਿਰਾਸ਼ ਹੋ ਕੇ ਢਿੱਲੇ ਪੈ ਗਏ ਸਨ (4:4)। ਇਸੇ ਤਰ੍ਹਾਂ ਨਾਲ ਜਦ ਅਸੀਂ ਡਰ ਜਾਂ ਨਿਰਾਸ਼ਾ ਨਾਲ ਹਿੰਮਤ ਹਾਰ ਬੈਠਦੇ ਹਾਂ ਤਾਂ ਖ਼ੁਦਾ ਨਾਕਾਮ ਨਹੀਂ ਹੋਇਆ ਹੁੰਦਾ ਬਲਕਿ ਅਸੀਂ ਖ਼ੁਦਾ ਨੂੰ ਨਾਕਾਮ ਕਰਦੇ ਹਾਂ। ਸ਼ਤਾਨ ਖ਼ੁਦਾ ਦੇ ਕੰਮ ਨੂੰ ਤਦ ਤਕ ਨਹੀਂ ਰੋਕ ਸਕਦਾ ਜਦ ਤਕ ਉਸ ਨੂੰ ਅਸੀਂ ਨਹੀਂ ਰੋਕਣ ਦਿੰਦੇ।

*ਸਾਰ।*ਅਜ਼ਰਾ 4 ਇਕ ਅਫ਼ਸੋਸਨਾਕ ਕਹਾਣੀ ਦੱਸਦਾ ਹੈ। ਖ਼ੁਦਾ ਦੇ ਲੋਕਾਂ ਨੇ ਹੈਕਲ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ, ਪਰ ਵਿਰੋਧ ਸ਼ੁਰੂ ਹੋ ਗਿਆ। ਇਸ ਵਿਰੋਧ ਕਰਕੇ ਯਹੂਦੀ ਡਰ ਗਏ ਅਤੇ ਢਿੱਲੇ ਪੈ ਗਏ ਅਤੇ ਕੰਮ ਬੰਦ ਹੋ ਗਿਆ। ਡਰ ਅਤੇ ਨਿਰਾਸ਼ਾ ਨਾਕਾਮੀ ਦਾ ਕਾਰਣ ਬਣੇ। ਆਪਣੇ ਆਪ ਵਿਚ ਇਹ ਅਧਿਆਇ ਹਾਰ ਦੀ ਕਹਾਣੀ ਹੈ ਪਰ ਇਸ ਵਿਸ਼ੇ ਤੇ ਇਹ ਖ਼ੁਦਾ ਦਾ ਅੰਤਮ ਵਚਨ ਨਹੀਂ ਹੈ। ਅਗਲੇ ਅਧਿਆਇ ਵਿਚ ਅਸੀਂ ਵੇਖਦੇ ਹਾਂ ਕਿ ਕੰਮ ਫੇਰ ਤੋਂ ਕਿਵੇਂ ਸ਼ੁਰੂ ਹੋਇਆ ਅਤੇ ਅਖ਼ੀਰ ਵਿਚ ਪੂਰਾ ਹੋ ਗਿਆ। ਸ਼ਾਇਦ ਨਾਕਾਮੀ ਦੀ ਇਸ ਕਹਾਣੀ ਵਿਚ ਸਾਨੂੰ ਇਹ ਤੱਥ ਜੋੜਨਾ ਚਾਹੀਦਾ ਹੈ ਕਿ ਜਦ ਅਸੀਂ ਖ਼ੁਦਾ ਲਈ ਕੰਮ ਕਰ ਰਹੇ ਹੁੰਦੇ ਹਾਂ ਤਾਂ ਕੋਈ ਵੀ ਨਾਕਾਮੀ ਆਖ਼ਰੀ ਨਹੀਂ ਹੁੰਦੀ। ਅਖ਼ੀਰ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ, ਇਸ ਜ਼ਿੰਦਗੀ ਵਿਚ ਜਾਂ ਫਿਰ ਅਗਲੀ ਜ਼ਿੰਦਗੀ ਵਿਚ ਅਸੀਂ ਫ਼ਤਹਿ ਪਾ ਸਕਦੇ ਹਾਂ। ''ਉਹਦੇ ਰਾਹੀਂ ਜਿਹਨੇ ਸਾਡੇ ਨਾਲ ਪ੍ਰੇਮ ਕੀਤਾ ਸੀਂ ਅਸੀਂ ਹੱਦੋਂ ਵੱਧ ਫ਼ਤਹਿਮੰਦ ਹਾਂ'' (ਰੋਮੀਆਂ 8:37; KJV)।

ਕਿੰਨੇ ਵੱਡੇ-ਵੱਡੇ ਕੰਮ ਹੋਣਗੇ ਜਿਹੜੇ ਇਸ ਕਰਕੇ ਬੰਦ ਹੋ ਗਏ ਕਿਉਂ ਜੋ ਖ਼ੁਦਾ ਦੇ ਲੋਕਾਂ ਨੇ ਡਰ ਕੇ ਅਤੇ ਘਬਰਾ ਕੇ ਹਾਰ ਮੰਨ ਲਈ? ਦਿਨ ਭਾਵੇਂ ਕਿੰਨਾਂ ਵੀ ਹਨੇਰਾ ਕਿਉਂ ਨਾ ਲੱਗੇ, ਇਹ ਵਿਸ਼ਵਾਸ ਕਰਕੇ ਕਿ ਅਖ਼ੀਰ ਵਿਚ ਖ਼ੁਦਾ ਫ਼ਤਹਿ ਦਵੇਗਾ ਸਾਨੂੰ ਜਿਸ ਗੱਲ ਦੀ ਲੋੜ ਹੈ ਉਹ ਖ਼ੁਦਾ ਦੀ ਸ਼ਕਤੀ ਵਿਚ ਵਿਸ਼ਵਾਸ ਕਰਕੇ ਡਟੇ ਰਹਿਣਾ ਹੈ!

**ਜਦ ਸਹਿਯੋਗ ਦਾ ਮਤਲਬ ਸਮਝੌਤਾ ਕਰਨਾ ਹੁੰਦਾ ਹੈ** (4: 1-4)

ਅਜ਼ਰਾ 4: 1-4 ਦੇ ਮੁਤਾਬਕ, ਦੇਸ਼ ਦੇ ਲੋਕਾਂ ਨੇ ਯਹੂਦੀਆਂ ਨੂੰ ਹੈਕਲ ਨੂੰ ਬਣਾਉਣ ਵਿਚ ਮਦਦ ਦੀ ਪੇਸ਼ਕਸ਼ ਕੀਤੀ: ''ਸਾਨੂੰ ਵੀ ਬਣਾਉਣ ਦਿਓ ਕਿਉਂ ਜੋ ਤੁਹਾਡੇ ਵਾਂਙੁ ਅਸੀਂ ਵੀ ਤੁਹਾਡੇ ਪਰਮੇਸ਼ੁਰ ਦੀ ਖੋਜ ਵਿੱਚ ਹਾਂ ਅਤੇ ਅਸੀਂ ਅੱਸ਼ੂਰ ਦੇ ਰਾਜਾ ਏਸਰ-ਹੱਦਨ ਦੇ ਦਿਨਾਂ ਤੋਂ ਜੋ ਸਾਨੂੰ ਇੱਥੇ ਲਿਆਇਆ ਉਹ ਦੇ ਲਈ ਭੇਟ ਚੜ੍ਹਾਉਂਦੇ ਰਹੇ ਹਾਂ।'' ਯਹੂਦੀਆਂ ਦੇ ਆਗੂਆਂ ਨੇ ਜਵਾਬ ਦਿੱਤਾ, ''ਇਹ ਤੁਹਾਡਾ ਕੰਮ ਨਹੀਂ ਭਈ ਸਾਡੇ ਨਾਲ ਸਾਡੇ ਪਰਮੇਸ਼ੁਰ ਦੇ ਲਈ ਭਵਨ ਬਣਾਓ।'' ਦੂਜੇ ਸ਼ਬਦਾਂ ਵਿਚ ਉਨ੍ਹਾਂ ਨੇ ਆਖ ਦਿੱਤਾ, ''ਨਹੀਂ, ਸ਼ੁਕਰੀਆ!''

ਯਹੂਦੀ ਆਗੂਆਂ ਨੇ ਐਨੇ ਸਰਸਰੀ ਢੰਗ ਨਾਲ ਸਾਥੀ ਵਿਸ਼ਵਾਸੀਆਂ ਦੀ ਗੁਆਂਢੀਆਂ ਵੱਲੋਂ ਕੀਤੀ ਗਈ ਮਦਦ ਦੀ ਪੇਸ਼ਕਸ਼ ਨੂੰ ਕਿਉਂ ਠੁਕਰਾ ਦਿੱਤਾ? ਇਸ ਦੇ ਕਈ ਜਵਾਬ ਹਨ, ਪਰ ਬਿਨਾਂ ਸ਼ੱਕ ਮੁੱਖ ਕਾਰਣ ਇਹ ਸਨ ਕਿ ਉਨ੍ਹਾਂ ਦਾ ਮੰਨਣਾ ਸੀ ਕਿ ਆਪਣੇ ''ਵਿਰੋਧੀਆਂ'' (4:1) ਦਾ ਸਹਿਯੋਗ ਲੈਣ ਦਾ ਮਤਲਬ ਉਨ੍ਹਾਂ ਦੇ ਵਿਸ਼ਵਾਸ ਨਾਲ ਸਮਝੌਤਾ ਕਰਨਾ ਸੀ। ਇਨ੍ਹਾਂ ਬਹੁਦੇਵ ਵਾਦੀਆਂ ਨਾਲ ਮਿਲ ਜਾਣ ਨਾਲ ਉਹ ਬੁੱਤਪ੍ਰਸਤੀ ਵਿਚ ਜਾ ਸਕਦੇ ਸਨ ਅਤੇ ਉਨ੍ਹਾਂ ਦੇ ਦੇਵੀ ਦੇਵਤਿਆਂ ਦੀ ਪੂਜਾ ਕਰਨਾ ਸ਼ੁਰੂ ਕਰ ਸਕਦੇ ਸਨ। ਇਸ ਕਰਕੇ ਇੱਕੋ ਹੀ ਸਹੀ ਜਵਾਬ ''ਨਾਂਹ।''

ਅੱਜ ਵੀ ਕਈ ਵਾਰ ਮਸੀਹੀ ਲੋਕਾਂ ਨੂੰ ਉਹ ਚੁਣਨਾ ਜ਼ਰੂਰੀ ਹੁੰਦਾ ਹੈ ਜੋ ਲਗਦਾ ਹੈ ਕਿ ਰੁੱਖਾ ਹੈ। ਜੇ ਲੋਕਾਂ ਦਾ ਕੁਝ ਕੁਝ ਵਿਸ਼ਵਾਸ ਸਾਡੇ ਨਾਲ ਮਿਲਦਾ ਹੋਵੇ ਪਰ ਉਹ ਗਲਤ ਸਿੱਖਿਆਵਾਂ ਵੀ ਦਿੰਦੇ ਹੋਣ, ਤਾਂ ਉਨ੍ਹਾਂ ਨਾਲ ਸਹਿਯੋਗ ਕਰਨ ਦੀ ਇੱਛਾ, ਕਈ ਵਾਰ ਉਨ੍ਹਾਂ ਨਾ ''ਨਾਂਹ'' ਕਹਿਣਾ

ਜ਼ਰੂਰੀ ਹੁੰਦਾ ਸੀ। ਦਿੱਕਤ ਇਹ ਹੈ ਕਿ ਸਹਿਯੋਗ ਕਰਨਾ ਸਮਝੌਤਾ ਕਰਨ ਦਾ ਕਾਰਣ ਬਣ ਸਕਦਾ ਹੈ। ਖ਼ੁਦਾ ਦੇ ਲੋਕਾਂ ਲਈ ਦੂਜਿਆਂ ਨੂੰ ਅਤੇ ਉਨ੍ਹਾਂ ਦੇ ਵਿਸ਼ਵਾਸਾਂ ਨੂੰ ਅਣਅਲੋਚਨਾਤਮਕ ਢੰਗ ਨਾਲ ਕਬੂਲ ਕਰਨ ਨਾਲੋਂ ਸਚਿਆਈ ਦੇ ਲਈ ਖਲੋਣਾ ਅਤੇ ਝੂਠ ਦਾ ਵਿਰੋਧ ਕਰਨਾ ਬਹੁਤਾ ਜ਼ਰੂਰੀ ਹੈ।

---

ਟਿੱਪਣੀਆਂ

[1]ਡੇਰੇਕ ਕਿਡਨਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1979), 48. [2]*ਆਕਸਫ਼ੋਰਡ ਇੰਸਾਈਕਲੋਪੀਡੀਆ ਆਫ਼ ਆਰਕਿਓਲੋਜੀ ਇਨ ਦ ਨੀਅਰ ਈਸਟ* (ਨਿਊ ਯਾਰਕਃ ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ, 1997), 4:469 ਵਿਚ ਰੇਨਹਰਡ ਪਾਮਰ, ''ਸੈਮੈਰਿਟਨ।'' [3]ਸ਼ਲਮਨਸਰ ਪੰਜਵਾਂ ਅੱਸ਼ੂਰੀ ਰਾਜਾ ਸੀ ਜਿਸਨੇ ਸਾਮਰੀਆ ਦਾ ਘੇਰਾਓ ਸ਼ੁਰੂ ਕੀਤਾ ਸੀ (2 ਰਾਜਿਆਂ 17:3–5; 18:9)। ਯਕੀਨਨ ਉਸ ਦਾ ਉੱਤਰਾਧਿਕਾਰੀ, ਸਰਗੋਨ ਦੂਜਾ ਰਾਜਧਾਨੀ ਨੂੰ ਤਬਾਹ ਕਰਨ ਅਤੇ ਇਸਰਾਏਲੀਆਂ ਨੂੰ ਗ਼ੁਲਾਮੀ ਵਿਚ ਲੈ ਜਾਣ ਦਾ ਜ਼ਿੰਮੇਵਾਰ ਸੀ। [4]ਏ. ਲਿਓ ਓਪਨਹੇਮ, ਟ੍ਰਾਂਸਲੇਸ਼ਨ, ''ਐੱਸਾਰਹੱਰਡਨ (680–669)'' ਵਿਚ *ਐਂਸਿਏਂਟ ਨੀਅਰ ਈਸਟਰਨ ਟੈਕਸਟਸ ਰਿਲੇਟਿੰਗ ਟੂ ਦ ਓਲਡ ਟੈਸਟਾਮੈਂਟ*, ਜਿਲਦ 3ਜੀ, ਸੰਪਾ. ਜੇਮਸ ਬੀ. ਪ੍ਰਿਚਰਡ (ਪ੍ਰਿੰਸਟਨ, ਨਿਊ ਜਰਸੀਃ ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 290. [5]ਐਡਵਿਨ ਐੱਮ. ਯਾਮੋਚੀ ਦੇ ਅਨੁਸਾਰ ''ਉਸ ਦੇਸ਼ ਦੇ ਲੋਕ'' ਵਾਕ ਦਾ ਅਰਥ ''ਵੱਖਰਾ ਸਮੂਹ, ਵੱਖਰੇ ਸਮੇਂ ਅਤੇ ਘਟਨਾਵਾਂ ਵਿਚ'' ਹੈ (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ. 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨਃ ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988], 627 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹੇਮਯਾਹ'')। [6]4:12 ਵਿਚ ਯਹੂਦੀਆਂ ਦੇ ਦੁਸ਼ਮਣਾਂ ਨੇ ਕਿਹਾ ਕਿ ਯਹੂਦੀ ਉਨ੍ਹਾਂ ਕੋਲ ''ਯਰੂਸ਼ਲਮ ਵਿਚ ਆਏ'' ਸਨ। ਇਹ ਭਾਸ਼ਾ ਇਸ ਗੱਲ ਦਾ ਸੁਝਾਅ ਦਿੰਦੀ ਹੈ ਕਿ ਯਹੂਦੀਆਂ ਦੇ ਵਾਪਸ ਆਉਣ ਵੇਲੇ ਉਹ ਪਹਿਲਾਂ ਹੀ ਯਰੂਸ਼ਲਮ ਵਿਚ ਸਨ। [7]ਉਨ੍ਹਾਂ ਦਾ ਦਾਅਵਾ ਕਿ ਉਹ ਯਹੂਦੀਆਂ ਦੇ ਰੱਬ ਦੀ ਤਲਾਸ਼ ਵਿਚ ਸਨ ਅਤੇ ਦੇਸ਼ ਵਿਚ ਆਪਣੇ ਪਹੁੰਚਣ ਦੇ ਸਮੇਂ ਤੋਂ ''ਭੇਟ ਚੜ੍ਹਾਉਂਦੇ'' ਰਹੇ ਸਨ (4:2), ਸਹੀ ਹੋ ਸਕਦਾ ਹੈ, ਪਰ ਉਨ੍ਹਾਂ ਦੀ ਬੰਦਗੀ ਸ਼ਰ੍ਹਾ ਦੀਆਂ ਸ਼ਰਤਾਂ ਦੇ ਮੁਤਾਬਕ ਨਹੀਂ ਸੀ। ਖ਼ੁਦਾ ਦਾ ਹੁਕਮ ਸੀ ਕਿ ਉਸ ਨੂੰ ਮੰਨਣ ਵਾਲੇ ਸਿਰਫ਼ ਓਸੇ ਦੀ ਬੰਦਗੀ ਕਰਨ, ਪਰ ਪੁਰਾਤਨ ਨੇੜਲੇ ਪੂਰਬ ਦੇ ਲੋਕ ਆਮ ਤੌਰ ਤੇ ਇਲਾਕੇ ਦੇ ਪ੍ਰਮੁੱਖ ਦੇਵਤੇ ਹੋਰਨਾਂ ਦੇਵੀ–ਦੇਵਤਿਆਂ ਦੀ ਪੂਜਾ ਦੇ ਨਾਲ ਨਾਲ ਸਥਾਨਕ ਦੇਵਤੇ ਦੀ ਪੂਜਾ ਵੀ ਕਰਦੇ ਸਨ। [8]''ਹੱਥ ਢਿੱਲੇ'' ਕਰਨ ਲਈ NASB ਵਿਚ ''ਹਿੰਮਤ ਢਾਹੁਣੀ'' ਹੈ (– ਅਨੁਵਾਦਕ)। [9]ਕੈਂਮਬਿਸਸ ਦੀ ਹਕੂਮਤ ਜਿਸ ਦਾ ਜ਼ਿਕਰ ਲਿਖਤ ਵਿਚ ਨਹੀਂ ਹੈ, ਕੋਰਸ ਅਤੇ ਦਾਰਾ ਦੀ ਹਕੂਮਤ ਦੇ ਵਿਚਕਾਰ ਰਹੀ (530–522 ਈ.ਪੂ.)। ਸਾਫ਼ ਹੈ ਕਿ ਇਸ ਕਾਲ ਦੇ ਅੰਤ ਵਿਚ ਕੁਝ ਮਹੀਨੇ ਗੋਮਾਟਾ ਦੀ ਹਕੂਮਤ ਵੀ ਰਹੀ (522 ਈ.ਪੂ. ਵਿਚ)। [10]ਜੋਸੇਫ਼ਸ ਨੇ ਲਿਖਿਆ ਹੈ ਕਿ ਕੈਂਬਿਸਸ ਰਾਜੇ ਅੱਗੇ ਯਹੂਦੀਆਂ ਦੀ ਸ਼ਕਾਇਤ ਲਿਖਣ ਲਈ ਸੀਰੀਆ ਅਤੇ ਫੀਨੀਕੇ ਦੇ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਗਈ ਸੀ। (ਜੋਸੇਫ਼ਸ *ਐਂਟਿਕੁਇਟੀਜ਼* 11.2.1.)

[11]''ਅਹਸ਼ਵੇਰੋਸ਼'' ਨਾਂਅ ਜਿਹੜਾ ਅਸਤਰ ਦੀ ਕਿਤਾਬ ਵਿਚ ਵੀ ਮਿਲਦਾ ਹੈ, ਅਕਸ਼ਰਸ਼ ਦਾ ਇਬਰਾਨੀ ਸਮਾਨਾਂਤਰ ਹੈ। ਯੂਨਾਨੀ ਵਿਚ ਇਸ ਰਾਜੇ ਨੂੰ ਅਕਸ਼ਰਸ਼ ਕਰਕੇ ਜਾਣਿਆ ਜਾਂਦਾ ਸੀ। (*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ [ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979], 1:76 ਵਿਚ ਆਰ. ਕੇ. ਹੈਰਿਸਨ, ''ਅਹਸੁਰਸ।'') [12]ਟੀਕਾਕਾਰ ਆਮ ਤੌਰ ਤੇ ਸੱਤ ਅਤੇ ਅੱਠ ਆਇਤਾਂ ਨੂੰ ਦੋ ਵੱਖੋ ਵੱਖ ਲੇਖਕਾਂ ਵੱਲੋਂ ਲਿਖੇ ਗਏ ਦੋ ਵੱਖੋ ਵੱਖ ਖਤਾਂ ਦੇ ਰੂਪ ਵਿਚ ਮੰਨਦੇ ਹਨ। ਪਰ ਇਹ ਘੱਟੋ–ਘੱਟ ਸੰਭਵ ਹੈ ਕਿ ਇਹ ਦੋ ਆਇਤਾਂ ਇੱਕੋ ਹੀ ਸਨ। ਆਇਤ 7 ਵਿਚਲੇ ਬੰਦੇ ਹੋ ਆਗੂ ਹੋ ਸਕਦੇ ਹਨ ਜਿਨ੍ਹਾਂ ਨੇ ਯਹੂਦੀਆਂ ਦੇ ਖ਼ਿਲਾਫ਼ ਇਲਜ਼ਾਮ ਵਿਚ ਪਹਿਲ

ਕੀਤੀ ਅਤੇ ਉਨ੍ਹਾਂ ਦੋ ਬੰਦਿਆਂ ਨਾਲ ਜਿਨ੍ਹਾਂ ਦੇ ਨਾਂਅ ਆਇਤ 8 ਵਿਚ ਮਿਲਦੇ ਹਨ ਰਾਜੇ ਕੋਲ ਇਲਜ਼ਾਮ ਘੱਲਣ ਵਾਲੇ ਹੋ ਸਕਦੇ ਹਨ। ਇਸ ਵਿਚਾਰ ਨੂੰ ਸ਼ਾਇਦ ਇਸ ਤੱਥ ਨਾਲ ਮਜ਼ਬੂਤੀ ਮਿਲਦੀ ਹੈ ਕਿ ਆਇਤ 7 ਦਾ ਪਿਛਲਾ ਭਾਗ ਤਬੀਲ ਅਤੇ ਸਾਥੀਆਂ ਦੇ ਖ਼ਤ ਦੇ ਅਰਾਮੀ ਭਾਸ਼ਾ ਵਿਚ ਹੋਣ ਦੀ ਗੱਲ ਕਰਦਾ ਹੈ ਅਤੇ 4:11–16 ਵਿਚ ਮਿਲਿਆ ਖ਼ਤ ਅਰਾਮੀ ਭਾਸ਼ਾ ਵਿਚ ਹੈ। [13]ਕਿਡਨਰ, 136. [14]ਫ਼ਾਰਸੀ ਹਕੂਮਤ ਵਿਚ ਵੀਹ ਦੇ ਦੀ ਕਰੀਬ ਸਿਆਸੀ/ਭੂਗੋਲਿਕ ਇਲਾਕੇ ਸਨ ਜਿਨ੍ਹਾਂ ਨੂੰ ''ਸੂਬਾ'' ਆਖਿਆ ਜਾਂਦਾ ਸੀ। ਹਰ ਸੂਬੇ ਦੀਆਂ ਛੋਟੀਆਂ ਛੋਟੀਆਂ ਇਕਾਈਆਂ ਸਨ। ਯਹੂਦਾਹ ਛੋਟੇ ਸੂਬਿਆਂ ਵਿੱਚੋਂ ਇਕ ਸੀ ਜੋ ਵੱਡੇ ਇਲਾਕੇ ਦਾ ਹਿੱਸਾ ਸੀ ਜਿਸ ਨੂੰ ''ਨਦੀ ਦੇ ਉਰਾਰ'' ਆਖਿਆ ਜਾਂਦਾ ਸੀ। (*ਦ ਇੰਟਰਪ੍ਰੇਟਰ'ਜ਼ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬੁਟ੍ਰਿਕ [ਨੈਸ਼ਵਿਲ: ਅਬਿੰਗਡਨ ਪ੍ਰੈੱਸ, 1962], 3:742. ਵਿਚ ਵੇਖੋ ਐੱਮ. ਜੇ. ਡ੍ਰੇਸਡਨ, ''ਪਰਸ਼ਿਆ, ਹਿਸਟਰੀ ਐਂਡ ਰਿਲਿਜਨ ਆਫ਼।'') [15]''ਪਾਤਸ਼ਾਹ ਦਾ ਲੂਣ ਖਾਂਦੇ'' ਮੂਲ ਵਿਚ ''ਅਸੀਂ ਮਹਿਲ ਦਾ ਲੂਣ ਖਾਂਦੇ'' ਭਾਵ ''ਅਸੀਂ ਸ਼ਾਹੀ ਖ਼ਜ਼ਾਨੇ ਤੋਂ ਤਨਖਾਹ ਲੈਂਦੇ ਹਾਂ'' ਹੈ। ਅੰਗ੍ਰੇਜ਼ੀ ਸ਼ਬਦ ''ਸੈਲਰੀ'' ਲਾਤੀਨੀ ਭਾਸ਼ਾ ਦੇ ਸ਼ਬਦ ***salarium*** (*ਸਾਲਾਰੀਅਮ*) ਤੋਂ ਲਿਆ ਗਿਆ ਹੈ ਜਿਸ ਦਾ ਅਰਥ ''ਸਾਲਟ ਮਨੀ'' ਜਾਂ ''ਲੂਣ ਦਾ ਪੈਸਾ'' ਹੈ। (ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001], 77–78.) [16]ਨਿਰਾਸ਼ਾ ਦੀ ਯਿਰਮਿਯਾਹ ਦੀ ਕਹਾਣੀ ਵੀ ਵੇਖੋ (ਯਿਰਮਿਯਾਹ 20:7–9)।